Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



Vol 20*Issue 81 Friday, April 23, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਪੜ੍ਹੋ


ਸਮਰੱਥਾ ਨਾਲੋਂ ਘੱਟ ਵੈਕਸੀਨੇਟ ਕੀਤਾ ਜਾ ਰਿਹਾ ਹੈ ਕੈਨੇਡੀਅਨਾਂ ਨੂੰ !



ਪੰਨਾ 04

2030 ਤੱਕ ਅਸੀਂ ਗ੍ਰੀਨਹਾਊਸ ਗੈਸਾਂ ਦਾ ਰਿਸਾਅ 40 ਤੋਂ 45 ਫੀ ਸਦੀ ਤੱਕ ਘੱਟ ਕਰ ਲਵਾਂਗੇ : ਟਰੂਡੋ



ਪੰਨਾ 05


## ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਉਡਾਨਾਂ ਉੱਤੇ 30 ਦਿਨ ਲਈ ਕੈਨੇਡਾ ਨੇ ਲਾਈ ਰੋਕ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਕਮਰਸ਼ੀਅਲ ਤੇ ਪ੍ਰਾਈਵੇਟ ਉਡਾਨਾਂ ਉੱਤੇ 30 ਦਿਨਾਂ ਲਈ ਰੋਕ ਲਾ ਦਿੱਤੀ ਗਈ ਹੈ। ਇਹ ਹੁਕਮ ਵੀਰਵਾਰ ਰਾਤੀਂ 11:30 ਵਜੇ ਤੋਂ ਪ੍ਰਭਾਵੀ ਹੋ ਗਏ।

ਪੂਰੀ ਖ਼ਬਰ ਬਾਕੀ ਪੰਨਾ 4 'ਤੇ ਪੜ੍ਹੋ

# ਸਰਕਾਰ ਨੇ ਪੇਸ਼ ਕੀਤਾ 101.4 ਬਿਲੀਅਨ ਡਾਲਰ ਦੇ ਖਰਚੇ ਵਾਲਾ ਬਜਟ




ਓਟਵਾ, 22 ਅਪਰੈਲ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਇਤਿਹਾਸਕ ਬਜਟ ਵਿੱਚ ਫੈਡਰਲ ਸਰਕਾਰ ਨੇ ਕੋਵਿਡ-19 ਦੀ ਤੀਜੀ ਵੇਵ ਦੌਰਾਨ ਦੇਸ਼ ਦੀ ਮਦਦ ਕਰਨ ਤੇ ਮਹਾਂਮਾਰੀ ਤੋਂ ਬਾਅਦ ਆਰਥਿਕ ਰਿਕਵਰੀ ਨੂੰ ਹੁਲਾਰਾ ਦੇਣ ਲਈ 101.4 ਬਿਲੀਅਨ ਡਾਲਰ ਹੋਰ ਖਰਚਣ ਦਾ ਟੀਚਾ ਮਿਥਿਆ।

ਸੋਮਵਾਰ ਨੂੰ ਪੇਸ਼ ਕੀਤੇ ਗਏ ਫੈਡਰਲ ਬਜਟ ਵਿੱਚ ਫੈਡਰਲ ਲਿਬਰਲਾਂ ਨੇ ਕੈਨੇਡੀਅਨ ਅਰਥਚਾਰੇ ਦੇ ਪੁਨਰ ਨਿਰਮਾਣ ਵਿੱਚ ਸਾਰੇ ਕੈਨੇਡੀਅਨਾਂ ਨੂੰ ਨਾਲ ਲੈ ਕੇ ਤੁਰਨ ਦਾ ਫੈਸਲਾ ਕੀਤਾ। ਇਸ ਦੌਰਾਨ ਪੈਨਡੈਮਿਕ ਬਿਜ਼ਨਸ ਤੇ ਹੈਲਥ ਸਪੋਰਟ ਵਿੱਚ ਵਾਧੇ ਦੇ ਨਾਲ ਨਾਲ ਕੌਮੀ ਚਾਈਲਡ ਕੇਅਰ ਪਲੈਨ ਲਈ 30 ਬਿਲੀਅਨ ਡਾਲਰ ਦੇਣ, ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧੇ, ਗ੍ਰੀਨ ਨਿਵੇਸ਼ ਵਿੱਚ 17.6 ਬਿਲੀਅਨ ਡਾਲਰ ਦੇਣ ਦਾ ਵਾਅਦਾ ਵੀ ਕੀਤਾ।

ਇਸ ਬਜਟ ਨੂੰ ਟਾਈਟਲ ਦਿੱਤਾ ਗਿਆ–"ਰੋਜ਼ਗਾਰ, ਵਿਕਾਸ ਤੇ ਸੁਲ੍ਹਾ ਲਈ ਰਿਕਵਰੀ ਪਲੈਨ।" ਇਸ ਬਜਟ ਵਿੱਚ ਸਾਲ 2020 ਦੌਰਾਨ 354.2 ਬਿਲੀਅਨ ਡਾਲਰ ਦਾ ਘਾਟਾ ਪੈਣ ਦੀ ਗੱਲ ਆਖੀ ਗਈ ਤੇ ਇਹ ਵੀ ਆਖਿਆ ਗਿਆ ਕਿ 2021-22 ਵਿੱਤੀ ਵਰ੍ਹੇ ਦੌਰਾਨ ਇਹ ਘਾਟਾ ਘਟ ਕੇ 154.7 ਬਿਲੀਅਨ ਡਾਲਰ ਰਹਿ ਜਾਵੇਗਾ। ਸਰਕਾਰ ਨੇ ਆਖਿਆ ਕਿ ਗਲੋਬਲ ਪੱਧਰ ਉੱਤੇ ਹੀ ਮਜ਼ਬੂਤ ਆਰਥਿਕ ਰਿਕਵਰੀ ਸ਼ੁਰੂ ਹੋ ਚੁੱਕੀ ਹੈ ਤੇ ਇਸ ਕਾਰਨ ਘਾਟੇ ਵਿੱਚ ਕਮੀ ਆਵੇਗੀ।ਪਰ ਸਰਕਾਰ ਵੱਲੋਂ ਗ਼ਿਣਵਾਏ ਗਏ ਵੱਡੇ ਖਰਚਿਆਂ ਕਾਰਨ ਇਹ ਆਖਿਆ ਜਾ ਸਕਦਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਘਾਟਾ ਇਸ ਤਰ੍ਹਾਂ ਹੀ ਮੂੰਹ ਅੱਡੀ ਖੜ੍ਹਾ ਰਹੇਗਾ।

ਫਰੀਲੈਂਡ ਵੱਲੋਂ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ ਦੀ ਜੀਡੀਪੀ ਦਾ 4.2 ਫੀ ਸਦੀ ਮੰਦਵਾੜੇ ਵਿੱਚੋਂ ਬਾਹਰ ਨਿਕਲਣ ਉੱਤੇ ਖਰਚ ਕਰਨ ਦੀ ਗੱਲ ਆਖੀ।ਪ੍ਰੈੱਸ ਕਾਨਫਰੰਸ ਦੌਰਾਨ ਫਰੀਲੈਂਡ ਨੇ ਆਖਿਆ ਕਿ ਇਹ ਬਜਟ ਸਮਾਰਟ, ਜ਼ਿੰਮੇਵਾਰ, ਰੋਜਗਾਰ ਤੇ ਵਿਕਾਸ ਲਈ ਤਾਂਘਵਾਣ ਹੈ ਤੇ ਕੋਵਿਡ-19 ਕਾਰਨ ਪੈਦਾ ਹੋਏ ਮੰਦਵਾੜੇ ਦੇ ਜ਼ਖ਼ਮਾਂ ਨੂੰ ਭਰਨ ਲਈ ਤਿਆਰ ਕੀਤਾ ਗਿਆ ਹੈ। ਇੱਥੇ ਹੀ ਬੱਸ ਨਹੀਂ ਇਸ ਨੂੰ ਸਥਾਈ ਤੌਰ ਉੱਤੇ ਕੈਨੇਡਾ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ ਹੈ।


**ਚਾਈਲਡ ਕੇਅਰ ਪਲੈਨ ਲਈ 30 ਬਿਲੀਅਨ ਡਾਲਰ**

**ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧੇ**

**ਗ੍ਰੀਨ ਨਿਵੇਸ਼ ਵਿੱਚ 17.6 ਬਿਲੀਅਨ ਡਾਲਰ ਦੇਣ ਦਾ ਵਾਅਦਾ**

ਆਪਣਾ ਪਹਿਲਾ ਬਜਟ ਪੇਸ਼ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਹ ਬਜਟ ਦਰਸਾਉਂਦਾ ਹੈ ਕਿ ਵਿਕਾਸ ਹੋਵੇਗਾ, ਰੋਜ਼ਗਾਰ ਦੇ ਨਵੇਂ ਮੌਕੇ ਮਿਲਣਗੇ, ਕੈਨੇਡੀਅਨਜ਼ ਰਿਕਵਰੀ ਲਈ ਤਿਆਰ ਹਨ। ਅਸੀਂ ਇੱਕ ਵਾਰੀ ਫਿਰ ਪੈਰਾਂ ਸਿਰ ਹੋਵਾਂਗੇ।ਇਸ ਦੌਰਾਨ ਸਰਕਾਰ ਨੇ ਆਖਿਆ ਕਿ ਸਾਡੀ ਮੁੱਖ ਤਰਜੀਹ ਕੈਨੇਡੀਅਨਾਂ ਨੂੰ ਸਿਹਤਯਾਬ ਤੇ ਸੁਰੱਖਿਅਤ ਰੱਖਣਾ ਹੈ। ਇਸ ਵਾਇਰਸ ਨੂੰ ਨਿਯੰਤਰਿਤ ਕਰਨ ਤੇ ਲੋਕਾਂ ਨੂੰ ਵੈਕਸੀਨੇਟ ਕਰਨ ਨਾਲ ਹੀ ਸਫਲਤਾ ਹਾਸਲ ਹੋਵੇਗੀ।2021 ਦੇ ਫੈਡਰਲ ਬਜਟ ਵਿੱਚ ਕੋਵਿਡ-19 ਬਿਜ਼ਨਸ ਏਡ ਪ੍ਰੋਗਰਾਮਜ਼ ਲਈ 12 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਤੇ ਇਸ ਦੇ ਨਾਲ ਹੀ ਸਰਕਾਰ ਨੇ ਆਮਦਨ ਦੇ ਹੋਰਨਾਂ ਮਾਪਦੰਡਾਂ ਨੂੰ ਜਾਰੀ ਰੱਖਣ ਦਾ ਵਾਅਦਾ ਵੀ ਕੀਤਾ।

ਇਸ ਦੇ ਨਾਲ ਹੀ ਸਰਕਾਰ ਫੈਡਰਲ ਵੇਜ ਤੇ ਰੈਂਟ ਸਬਸਿਡੀਜ਼ ਦੇ ਨਾਲ ਨਾਲ ਲਾਕਡਾਊਨ ਦੌਰਾਨ ਕੀਤੀ ਜਾਣ ਵਾਲੀ ਮਦਦ ਨੂੰ ਵੀ ਜਾਰੀ ਰੱਖਣ ਦੀ ਯੋਜਨਾ ਬਣਾ ਰਹੀ ਹੈ। ਜੂਨ ਵਿੱਚ ਮੁੱਕਣ ਵਾਲੀ ਇਸ ਮਦਦ ਨੂੰ ਸਤੰਬਰ ਦੇ ਅੰਤ ਤੱਕ ਜਾਰੀ ਰੱਖਿਆ ਜਾਵੇਗਾ। ਜਿਹੜੇ ਕੈਨੇਡੀਅਨ ਇੰਪਲੌਇਮੈਂਟ ਇੰਸ਼ੋਰੈਂਸ ਹੇਠ ਕਵਰ ਨਹੀਂ ਹੁੰਦੇ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ 500 ਡਾਲਰ ਪ੍ਰਤੀ ਹਫਤਾ ਮਦਦ 17 ਜੁਲਾਈ ਤੋਂ ਬਾਅਦ 300 ਡਾਲਰ ਪ੍ਰਤੀ ਹਫਤਾ ਰਹਿ ਜਾਵੇਗੀ। ਇਸ ਦੇ ਨਾਲ ਹੀ ਇੰਪਲੌਇਮੈਂਟ ਇੰਸ਼ੋਰੈਂਸ ਵਿੱਚ ਸੁਧਾਰ ਲਈ ਵੀ ਸਰਕਾਰ ਨੇ 3.9 ਬਿਲੀਅਨ ਡਾਲਰ ਖਰਚਣ ਦਾ ਫੈਸਲਾ ਕੀਤਾ ਹੈ।



## ਕੁੱਝ ਟੈਕਸ ਵੀ ਲਾਏ ਗਏ

- ਗੈਰ ਕੈਨੇਡੀਅਨਜ਼, ਨੌਨ ਰੈਜ਼ੀਡੈਂਟਸ ਵੱਲੋਂ ਲਈ ਗਈ ਪ੍ਰਾਪਰਟੀ ਜਿਹੜੀ ਖਾਲੀ ਰਹਿੰਦੀ ਹੈ ਉੱਤੇ ਨੈਸ਼ਨਲ ਟੈਕਸ ਲਾਇਆ ਜਾ ਰਿਹਾ ਹੈ, ਜਿਸ ਨਾਲ ਚਾਰ ਸਾਲਾਂ ਵਿੱਚ 700 ਮਿਲੀਅਨ ਡਾਲਰ ਦੀ ਆਮਦਨ ਹੋਣ ਦੀ ਉਮੀਦ ਹੈ। ਇਹ ਟੈਕਸ 2022-23 ਵਿੱਚ ਸ਼ੁਰੂ ਹੋਵੇਗਾ।
- ਮਹਿੰਗੀਆਂ ਕਾਰਾਂ, ਪ੍ਰਾਈਵੇਟ ਏਅਰਕ੍ਰਾਫਟ, ਜਿਨ੍ਹਾਂ ਦੀ ਕੀਮਤ 100,000 ਡਾਲਰ ਤੋਂ ਵੱਧ ਹੈ, ਨਿਜੀ ਵਰਤੋਂ ਵਾਲੀਆਂ ਬੋਟਸ ਜਿਨ੍ਹਾਂ ਦੀ ਕੀਮਤ 250,000 ਡਾਲਰ ਹੈ ਉੱਤੇ ਟੈਕਸ ਲਾਇਆ ਜਾਵੇਗਾ। ਅਗਲੇ ਸਾਲ ਜਨਵਰੀ ਵਿੱਚ ਇਹ ਟੈਕਸ ਲਾਗੂ ਕੀਤਾ ਜਾਵੇਗਾ ਤੇ ਇਸ ਨਾਲ ਪੰਜ ਸਾਲਾਂ ਵਿੱਚ 604 ਮਿਲੀਅਨ ਡਾਲਰ ਇੱਕਠੇ ਹੋਣਗੇ।
- ਕੈਨੇਡੀਅਨ ਕੰਟੈਂਟ ਉੱਤੇ ਨਿਰਭਰ ਕਰਨ ਵਾਲੀਆਂ ਦਿੱਗਜ ਵੈੱਬ ਕੰਪਨੀਆਂ ਉੱਤੇ ਡਿਜੀਟਲ ਸਰਵਿਸਿਜ਼ ਟੈਕਸ ਲਾਇਆ ਜਾਵੇਗਾ। ਇਸ ਨਾਲ ਅਗਲੇ ਪੰਜ ਸਾਲਾਂ ਵਿੱਚ 3.4 ਬਿਲੀਅਨ ਡਾਲਰ ਦੀ ਆਮਦਨ ਹੋਣ ਦੀ ਉਮੀਦ ਹੈ।

## ਕੋਵਿਡ-19 ਦੇ ਖਾਤਮੇ ਲਈ ਖਰਚੇ ਦੀ ਯੋਜਨਾ

ਕੋਵਿਡ-19 ਦੇ ਖਾਤਮੇ ਲਈ ਲਿਬਰਲ ਹੇਠ ਲਿਖੇ ਖਰਚੇ ਕਰਨੇ ਚਾਹੁੰਦੇ ਹਨ :

- ਲਾਂਗ ਟਰਮ ਕੇਅਰ ਫੈਸਿਲਿਟੀਜ਼ ਵਿੱਚ ਕੇਅਰ ਦੇ ਮਿਆਰ ਨੂੰ ਉੱਪਰ ਉਠਾਉਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਵਾਸਤੇ 2022-23 ਵਿੱਚ ਸ਼ੁਰੂ ਕਰਕੇ ਪੰਜ ਸਾਲਾਂ ਦੇ ਅਰਸੇ ਵਿੱਚ 3 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਹੈ।
- ਵੈਕਸੀਨ ਤਿਆਰ ਕਰਨ ਲਈ ਕੈਨੇਡਾ ਦੇ ਬਾਇਓਮੈਡੀਕਲ ਤੇ ਲਾਈਫ ਸਾਇੰਸਿਜ਼ ਰਿਸਰਚ ਸੈਕਟਰ ਨੂੰ ਹੋਰ ਮਜ਼ਬੂਤ ਕਰਨ ਲਈ ਅਗਲੇ ਸੱਤ ਸਾਲਾਂ ਵਿੱਚ ਸਰਕਾਰ 2.2 ਬਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।
- ਏਅਰ ਟਰੈਵਲ ਪ੍ਰੋਟੈਕਸ਼ਨ ਤੇ ਕੁਆਰਨਟੀਨ ਦੇ ਮਾਪਦੰਡ ਲਾਜ਼ਮੀ ਕਰਨ ਦੇ ਨਾਲ ਨਾਲ ਕੈਨੇਡਾ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਲਈ ਸਰਕਾਰ 2021-22 ਵਿੱਚ 424 ਮਿਲੀਅਨ ਡਾਲਰ ਖਰਚਣ ਦਾ ਇਰਾਦਾ ਰੱਖਦੀ ਹੈ।
- ਕੋਵਿਡ-19 ਤੋਂ ਪ੍ਰਭਾਵਿਤ ਆਬਾਦੀ ਜਿਵੇਂ ਕਿ ਹੈਲਥ ਕੇਅਰ ਤੇ ਫਰੰਟ ਲਾਈਨ ਵਰਕਰਜ਼ ਦੀ ਮਾਨਸਿਕ ਸਿਹਤ ਲਈ ਚਲਾਏ ਜਾਣ ਵਾਲੇ ਪ੍ਰੋਜੈਕਟਸ ਉੱਤੇ ਸਰਕਾਰ ਅਗਲੇ ਤਿੰਨ ਸਾਲਾਂ ਵਿੱਚ 100 ਮਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।
- ਡਾਟਾ ਇਨਫਰਾਸਟ੍ਰਕਚਰ ਤੇ ਡਾਟਾ ਇੱਕਠਾ ਕਰਨ ਵਿੱਚ ਸੁਧਾਰ ਵਾਸਤੇ ਸਟੈਟਿਸਟਿਕਸ ਕੈਨੇਡਾ ਲਈ 2021-22 ਵਿੱਚ ਸ਼ੁਰੂ ਕਰਕੇ ਅਗਲੇ ਛੇ ਸਾਲਾਂ ਤੱਕ ਸਰਕਾਰ 41.3 ਮਿਲੀਅਨ ਡਾਲਰ ਖਰਚਣ ਦਾ ਟੀਚਾ ਰੱਖਦੀ ਹੈ।

ਇਸ ਸੱਭ ਕਾਸੇ ਦਰਮਿਆਨ ਫਰੀਲੈਂਡ ਵੱਲੋਂ ਯੂਨੀਵਰਸਲ ਫਾਰਮਾਕੇਅਰ ਦਾ ਜ਼ਿਕਰ ਮਾਮੂਲੀ ਢੰਗ ਨਾਲ ਹੀ ਕੀਤਾ ਗਿਆ। ਉਨ੍ਹਾਂ ਅਜਿਹਾ ਕੀਤੇ ਜਾਣ ਉੱਤੇ ਜ਼ੋਰ ਤਾਂ ਦਿੱਤਾ ਪਰ ਇਸ ਲਈ ਨਾ ਤਾਂ ਕਿਸੇ ਕਿਸਮ ਦੇ ਫੰਡ ਦਾ ਐਲਾਨ ਕੀਤਾ ਗਿਆ ਤੇ ਨਾ ਹੀ ਇਸ ਨੂੰ ਅਮਲੀ ਰੂਪ ਦੇਣ ਲਈ ਕੋਈ ਸਮਾਂ ਸੀਮਾਂ ਹੀ ਨਿਰਧਾਰਤ ਕੀਤੀ ਗਈ।

ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੇ ਸਹਿਯੋਗ ਨਾਲ ਨੈਸ਼ਨਲ ਚਾਈਲਡ ਕੇਅਰ ਪ੍ਰੋਗਰਾਮ ਤਿਆਰ ਕਰਨ ਦੇ ਰਾਹ ਉੱਤੇ ਸਰਕਾਰ ਅੱਗੇ ਵਧ ਰਹੀ ਹੈ। ਕਿਫਾਇਤੀ ਦਰਾਂ ਉੱਤੇ ਨਵੀਂ ਸਪੇਸ ਤਿਆਰ ਕਰਨ ਲਈ ਅਗਲੇ ਪੰਜ ਸਾਲਾਂ ਵਾਸਤੇ ਸਰਕਾਰ ਨੇ 30 ਬਿਲੀਅਨ ਡਾਲਰ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਮੂਲਵਾਸੀ ਪਰਿਵਾਰਾਂ ਤੇ ਅਪਾਹਜ ਬੱਚਿਆਂ ਦਾ ਵੀ ਖਾਸ ਖਿਆਲ ਰੱਖਿਆ ਜਾਵੇਗਾ। ਫਰੀਲੈਂਡ ਨੇ ਆਪਣੇ ਬਜਟ ਵਿੱਚ ਆਖਿਆ ਕਿ ਸਰਕਾਰ ਦਾ ਟੀਚਾ ਅਰਲੀ ਲਰਨਿੰਗ ਤੇ ਚਾਈਲਡ ਕੇਅਰ ਨੂੰ 2022 ਤੱਕ 50 ਫੀ ਸਦੀ ਘੱਟ ਕਰਨਾ ਹੈ ਤੇ 2026 ਤੱਕ ਸਰਕਾਰ ਇਸ ਖਰਚੇ ਨੂੰ 10 ਡਾਲਰ ਰੋਜ਼ਾਨਾ ਉੱਤੇ ਲਿਆਉਣਾ ਚਾਹੁੰਦੀ ਹੈ।

ਫਰੀਲੈਂਡ ਵੱਲੋਂ ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕਰਨ ਲਈ ਬਿੱਲ ਲਿਆਉਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ।ਜਿਨ੍ਹਾਂ ਪ੍ਰੋਵਿੰਸਾਂ ਵਿੱਚ ਪਹਿਲਾਂ ਹੀ 15 ਡਾਲਰ ਪ੍ਰਤੀ ਘੰਟਾ ਉਜਰਤਾਂ ਦਿੱਤੀਆਂ ਜਾ ਰਹੀਆਂ ਹਨ ਉਹ ਉਸੇ ਤਰ੍ਹਾਂ ਹੀ ਜਾਰੀ ਰਹਿਣਗੀਆਂ।ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਨਾਲ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਪ੍ਰਾਈਵੇਟ ਸੈਕਟਰ ਵਿੱਚ 26000 ਤੋਂ ਵੱਧ ਵਰਕਰਜ਼ ਦੀ ਮਦਦ ਹੋਵੇਗੀ।

## ਬਜਟ ਵਿੱਚ ਸਾਰੇ ਪੱਖਾਂ ਦਾ ਰੱਖਿਆ ਗਿਆ ਹੈ ਧਿਆਨ : ਰੂਬੀ ਸਹੋਤਾ

ਬਰੈਂਪਟਨ, 22 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਸਿਫਤ ਕਰਦਿਆਂ ਆਖਿਆ ਕਿ ਇਹ ਬਜਟ ਆਪਣੇ ਆਪ ਵਿੱਚ ਮੁਕੰਮਲ ਹੈ ਤੇ ਇਸ ਵਿੱਚ ਸਾਰੇ ਪੱਖਾਂ ਦਾ ਬਾਖੂਬੀ ਧਿਆਨ ਰੱਖਿਆ ਗਿਆ ਹੈ।ਉਨਾਂ ਆਖਿਆ ਕਿ ਖੁਸ਼ੀ ਇਸ ਗੱਲ ਦੀ ਹੈ ਕਿ ਫਰੀਲੈਂਡ ਪਹਿਲੀ ਮਹਿਲਾ ਵਿੱਤ ਮੰਤਰੀ ਹਨ ਜਿਨ੍ਹਾਂ ਵੱਲੋਂ ਇਹ ਬਜਟ ਪੇਸ਼ ਕੀਤਾ ਗਿਆ ਹੈ ਤੇ ਇਹ ਕਾਫੀ ਸਕਾਰਾਤਮਕ ਬਜਟ ਹੈ।ਇਸ ਵਿੱਚ ਕੋਵਿਡ-19 ਖਿਲਾਫ ਸੰਘਰਸ਼ ਨੂੰ ਨਾ ਸਿਰਫ ਠੱਲ੍ਹ ਪਾਉਣ ਦੀ ਗੱਲ ਆਖੀ ਗਈ ਹੈ ...ਬਾਕੀ ਪੰਨਾ 3 'ਤੇ



## ਇਸ ਤੋਂ ਇਲਾਵਾ ਸਰਕਾਰ ਕੁੱਝ ਹੋਰ ਵਾਅਦੇ ਕਰਨਾ ਚਾਹੁੰਦੀ ਹੈ :

- ਸਰਕਾਰ ਮਾਰਚ 2023 ਤੱਕ ਫੈਡਰਲ ਸਟੂਡੈਂਟ ਲੋਨਜ਼ ਉੱਤੇ ਵਿਆਜ ਵਿੱਚ ਛੂਟ ਵਿੱਚ ਵਾਧਾ ਕਰਨਾ ਚਾਹੁੰਦੀ ਹੈ।
- 75 ਸਾਲ ਤੇ ਇਸ ਤੋਂ ਵੱਧ ਉਮਰ ਦੇ ਸੀਨੀਅਰਜ਼ ਲਈ ਓਲਡ ਏਜ ਸਕਿਊਰਿਟੀ ਵਿੱਚ ਵਾਧਾ ਕਰਨਾ ਚਾਹੁੰਦੀ ਹੈ, ਇਸ ਲਈ ਪਹਿਲੇ ਸਾਲ ਹੀ ਯੋਗ ਸੀਨੀਅਰਜ਼ ਨੂੰ 766 ਡਾਲਰ ਹੋਰ ਮੁਹੱਈਆ ਕਰਵਾਉਣਾ ਚਾਹੁੰਦੀ ਹੈ।
- ਮੂਲਵਾਸੀ ਤੇ ਗੈਰ-ਮੂਲਵਾਸੀ ਲੋਕਾਂ ਵਿਚਲਾ ਫਰਕ ਖਤਮ ਕਰਨ ਲਈ ਅਗਲੇ ਪੰਜ ਸਾਲਾਂ ਵਿੱਚ 18 ਬਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।

ਫੈਡਰਲ ਬਜਟ ਵਿੱਚ ਅਗਲੇ ਪੰਜ ਸਾਲਾਂ ਦਰਮਿਆਨ 500,000 ਨਵੇਂ ਟਰੇਨਿੰਗ ਤੇ ਕੰਮ ਸਬੰਧੀ ਮੌਕੇ ਤਿਆਰ ਕਰਨ ਦਾ ਵਾਅਦਾ ਵੀ ਕੀਤਾ ਗਿਆ। ਇਸ ਦੇ ਨਾਲ ਹੀ ਨਿਵੇਕਲੀਆਂ ਕਾਢਾਂ ਉੱਤੇ ਨਵੇਂ ਖਰਚਿਆਂ ਲਈ ਵੀ ਕਈ ਬਿਲੀਅਨ ਰਾਖਵੇਂ ਰੱਖੇ ਗਏ।ਇਸ ਟੀਚੇ ਨੂੰ ਪੂਰਾ ਕਰਨ ਲਈ ਸਰਕਾਰ ਸਟੂਡੈਂਟ ਪਲੇਸਮੈਂਟ, ਅਪਰੈਂਟਿਸਸ਼ਿਪਸ, ਸਕਿੱਲ ਟਰੇਨਿੰਗ ਜਾਂ ਰੀ ਟੂਲਿੰਗ ਤੇ ਹੋਰ ਵਰਕਫੋਰਸ ਪ੍ਰੋਗਰਾਮ ਵੀ ਚਲਾਵੇਗੀ।

...ਬਾਕੀ ਪੰਨਾ 3 'ਤੇ

## ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ ਬਜਟ : ਓਟੂਲ

### ਵਿਰੋਧੀ ਧਿਰਾਂ ਨੇ ਬਜਟ ਵਿੱਚ ਵੈਲਥ ਟੈਕਸ, ਹੈਲਥ ਕੇਅਰ ਫੰਡਿੰਗ ਦੀ ਗੱਲ ਨਾ ਕਰਨ ਉੱਤੇ ਪ੍ਰਗਟਾਈ ਚਿੰਤਾ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਬਜਟ ਉੱਤੇ ਹੁਣ ਆਉਣ ਵਾਲੇ ਦਿਨਾਂ ਵਿੱਚ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕੀਤੀ ਜਾਵੇਗੀ। ਜੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਕਿਸੇ ਹੋਰ ਵੱਡੀ ਪਾਰਟੀ ਦਾ ਸਮਰਥਨ ਹਾਸਲ ਨਹੀਂ ਹੁੰਦਾ ਤਾਂ ਸਰਕਾਰ ਹਫਤਿਆਂ ਵਿੱਚ ਹੀ ਡਿੱਗ ਜਾਵੇਗੀ ਤੇ ਚੋਣਾਂ ਕਰਵਾਉਣੀਆਂ ਪੈਣਗੀਆਂ।

...ਬਾਕੀ ਪੰਨਾ 3 'ਤੇ




Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131 Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E. #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization & Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

apna health



ਸੱਚ ਨੂੰ ਜਾਣੋ!
सच जनिए!
سچائی کو جانیں!
সততা জানুন!
உண்மையை அறியுங்கள்!

ਫੈਲਣ ਤੋ ਰੋਕੋ!
प्रसार बंद करो!
پھیلاؤ کو روکیں!
রোগ ছড়ানো বন্ধ করুন!
பரவுதலை நிறுத்துங்கள்!

ਮਦਦ ਇੱਥੇ ਹੈ!
मदद यहाँ है!
مدد یہاں ہے!
সাহায্য এখানে পাবে!
உதவி இங்கே!

good health starts with you.

know the truth! > stop the spread! > help is here!

We are here to help and can provide access to a variety of supports to the South Asian community.

**Get COVID-19 help & information in your language**

**647-846-2233**
**Outside of GTA Call: 1-866-300-3454**
For Support in Hindi, Urdu, Tamil, Bengali and Punjabi

**905-799-7700**
**Call Peel Region Helpline**
For support in English
(Monday to Friday 8:30 am to 4:30 pm)

To know more visit
apna health.org

Apna Health is a partnership committed to the **South Asian community**'s health and wellness during the pandemic and beyond.

Supported by Indus Community Services, pchs Serving Diverse Communities, CASSA

Chapel Ridge
FUNERAL HOME
& CREMATION CENTRE

**ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ**

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



**2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ**

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਿਯਮਿਤ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਊਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com

NATION-WIDE **TALK, TEXT & DATA PLAN**

**4.5GB**
$40/mo.



chatr
AUTHORIZED DEALER

379 Main St. North, Brampton | 905-451-0379
2456 Lake shore Blvd West, Etobicoke | 416-259-3654

Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਟਰੂਡੋ ਤੇ ਹੋਰ ਆਗੂ ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨੇਸ਼ਨ ਲਈ ਆਪਣਾ ਨਾਂ ਕਰਵਾ ਰਹੇ ਹਨ ਰਜਿਸਟਰ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੁਣ ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨੇਸ਼ਨ ਲਈ ਉਮਰ ਘਟਾ ਕੇ 40 ਸਾਲ ਤੇ ਇਸ ਤੋਂ ਵੱਧ ਕਰ ਦਿੱਤੀ ਗਈ ਹੈ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਆਪਣੀਆਂ ਪਹਿਲੀਆਂ ਡੋਜ਼ਾਂ ਲਈ ਆਪਣਾ ਨਾਂ ਰਜਿਸਟਰ ਕਰਵਾ ਰਹੇ ਹਨ। ਇਸ ਦੇ ਨਾਲ ਹੀ ਵਿਰੋਧੀ ਧਿਰਾਂ ਦੇ ਆਗੂ ਵੀ ਵੈਕਸੀਨੇਸ਼ਨ ਕਰਵਾਉਣ ਲਈ ਕਾਹਲੇ ਹਨ।

ਮੰਗਲਵਾਰ ਨੂੰ ਜਦੋਂ ਟਰੂਡੋ ਨੂੰ ਇਹ ਪੁੱਛਿਆ ਗਿਆ ਕਿ ਹੁਣ ਜਦੋਂ ਉਮਰ ਘਟਾਏ ਜਾਣ ਕਾਰਨ ਉਹ ਵੀ ਯੋਗ ਹੋ ਗਏ ਹਨ ਤਾਂ ਅਜਿਹੇ ਵਿੱਚ ਕੀ ਉਹ ਵੈਕਸੀਨੇਸ਼ਨ ਕਰਵਾਉਣਗੇ ਤਾਂ ਟਰੂਡੋ ਨੇ ਆਖਿਆ ਕਿ ਉਨ੍ਹਾਂ ਦਾ ਸਟਾਫ ਉਨ੍ਹਾਂ ਲਈ ਅਪੁਆਇੰਟਮੈਂਟ ਫਿਕਸ ਕਰ ਰਿਹਾ ਹੈ। ਮੰਗਲਵਾਰ ਨੂੰ ਫਾਰਮੇਸੀਜ਼ ਨਾਲ ਵਰਚੂਅਲ ਮੀਟਿੰਗ ਦੌਰਾਨ ਫਰੀਲੈਂਡ ਨੂੰ ਵੀ ਇਹੋ ਸਵਾਲ ਪੁੱਛਿਆ ਗਿਆ ਤੇ ਉਨ੍ਹਾਂ ਆਖਿਆ ਕਿ ਉਹ ਵੀ ਜਲਦ ਟੀਕਾਕਰਣ ਕਰਵਾਉਣਗੇ।




ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਬੱਚੇ ਆਨਲਾਈਨ ਅਪੁਆਇੰਟਮੈਂਟ ਲਈ ਜ਼ੋਰ ਲਾ ਰਹੇ ਹਨ ਪਰ ਅਜੇ ਅਸੀਂ ਵੇਟਲਿਸਟ ਉੱਤੇ ਹਾਂ। ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਉਨ੍ਹਾਂ ਨੂੰ ਅਪੁਆਇੰਟਮੈਂਟ ਮਿਲ ਚੁੱਕੀ ਹੈ ਤੇ ਇਸ ਹਫਤੇ ਦੇ ਅੰਤ ਵਿੱਚ ਉਹ ਟੀਕਾਕਰਣ ਕਰਵਾਉਣਗੇ। ਐਨਡੀਪੀ ਆਗੂ ਜਗਮੀਤ ਸਿੰਘ ਨੂੰ ਓਟਵਾ ਵਿੱਚ ਬੁੱਧਵਾਰ ਨੂੰ ਵੈਕਸੀਨੇਸ਼ਨ ਲਈ ਅਪੁਆਇੰਟਮੈਂਟ ਮਿਲੀ ਹੈ। ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਵੀ ਵੈਕਸੀਨੇਸ਼ਨ ਲਵਾਉਣ ਲਈ ਅਪੁਆਇੰਟਮੈਂਟ ਲੈਣ ਵਾਲਿਆਂ ਦੀ ਕਤਾਰ ਵਿੱਚ ਹੈ।

## ਇਸ ਤੋਂ ਇਲਾਵਾ ਸਰਕਾਰ ਕੁੱਝ ਹੋਰ ਵਾਅਦੇ ਕਰਨਾ ਚਾਹੁੰਦੀ ਹੈ :

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਸੈਕਟੋਰਲ ਵਰਕਫੋਰਸ ਸੌਲਿਊਸ਼ਨਜ਼ ਪ੍ਰੋਗਰਾਮ ਵੀ ਜਾਰੀ ਰੱਖਿਆ ਜਾਵੇਗਾ। ਜਿਸ ਨਾਲ ਪਰਸਨਲ ਸਪੋਰਟ ਵਰਕਰਜ਼ ਤੇ ਕੰਸਟ੍ਰਕਸ਼ਨ ਸੈਕਟਰਜ਼ ਦੀਆਂ ਉੱਚੀ ਮੰਗ ਵਾਲੀਆਂ ਅਸਾਮੀਆਂ ਪੁਰ ਕਰਨ ਵਿੱਚ ਮਦਦ ਮਿਲੇਗੀ। ਸਰਕਾਰ ਨਵਾਂ ਕੈਨੇਡਾ ਰਿਕਵਰੀ ਹਾਇਰਿੰਗ ਪ੍ਰੋਗਰਾਮ ਵੀ ਲਾਂਚ ਕਰਨ ਜਾ ਰਹੀ ਹੈ। ਇਹ ਜੂਨ ਤੋਂ ਨਵੰਬਰ ਤੱਕ ਚਲਾਇਆ ਜਾਵੇਗਾ। ਇਸ ਕੰਮ ਲਈ ਸਰਕਾਰ ਨੇ 595 ਮਿਲੀਅਨ ਡਾਲਰ ਰਾਖਵੇਂ ਰੱਖੇ ਹਨ।

ਸਰਕਾਰ ਵੱਲੋਂ ਘੱਟ ਆਮਦਨ ਵਾਲੇ ਲੋਕਾਂ ਲਈ ਰੀਫੰਡੇਬਲ ਟੈਕਸ ਕ੍ਰੈਡਿਟ- ਕੈਨੇਡਾ ਵਰਕਰਜ਼ ਬੈਨੇਫਿਟ ਵਿੱਚ ਵਾਧਾ ਕਰਨ ਦਾ ਵੀ ਇਰਾਦਾ ਹੈ। ਇਸ ਮਕਸਦ ਲਈ ਅਗਲੇ ਛੇ ਸਾਲਾਂ ਵਿੱਚ ਸਰਕਾਰ 8.9 ਬਿਲੀਅਨ ਡਾਲਰ ਖਰਚ ਕਰੇਗੀ। ਸਰਕਾਰ ਨੂੰ ਆਸ ਹੈ ਕਿ 2020 ਵਿੱਚ ਜਿਹੜੀ ਬੇਰੋਜ਼ਗਾਰੀ ਦਰ 9.6 ਫੀ ਸਦੀ ਤੱਕ ਅੱਪੜ ਗਈ ਸੀ ਹੁਣ ਉਹ 2021 ਵਿੱਚ ਘੱਟ ਕੇ 8 ਫੀ ਸਦੀ ਰਹਿ ਜਾਵੇਗੀ।

ਇਸ ਦੇ ਨਾਲ ਹੀ ਸਰਕਾਰ ਨੇ ਆਖਿਆ ਕਿ ਕਲਾਈਮੇਟ ਚੇਂਜ ਅਸਲ ਵਿੱਚ ਹੋ ਰਿਹਾ ਹੈ। ਫੈਡਰਲ ਸਰਕਾਰ ਕੈਨੇਡਾ ਦੇ ਕਾਰਬਨ ਐਮਿਸ਼ਨ ਨੂੰ ਘਟਾਉਣ ਲਈ ਲਿਆਂਦੇ ਜਾਣ ਵਾਲੇ ਪ੍ਰੋਜੈਕਟਾਂ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੀ ਹੈ। 2050 ਤੱਕ ਜ਼ੀਰੋ ਰਿਸਾਅ ਦਾ ਸਰਕਾਰ ਦਾ ਟੀਚਾ ਹੈ। ਸਰਕਾਰ ਨੇ ਆਖਿਆ ਕਿ ਉਹ ਗ੍ਰੀਨ ਰਿਕਵਰੀ ਤੇ ਕਲੀਨ ਰਿਕਵਰੀ ਵਿੱਚ 17.6 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਇਰਾਦਾ ਰੱਖਦੀ ਹੈ। ਇਸ ਦੇ ਨਾਲ ਹੀ ਫਰੀਲੈਂਡ ਨੇ ਸਟਰੈਟੇਜਿਕ ਇਨੋਵੇਸ਼ਨ ਫੰਡ ਵਿੱਚ 7.2 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਵੀ ਕੀਤਾ ਤੇ ਇਸ ਨੂੰ ਸੱਤ ਸਾਲ ਤੱਕ ਜਾਰੀ ਰੱਖਣ ਦੀ ਗੱਲ ਆਖੀ। ਉਨ੍ਹਾਂ ਆਖਿਆ ਕਿ ਇਹ ਪੈਸਾ ਲਾਈਫ ਸਾਇੰਸਿਜ਼, ਆਟੋਮੋਟਿਵ, ਐਰੋਸਪੇਸ ਤੇ ਐਗਰੀਕਲਚਰ ਸੈਕਟਰਜ਼ ਨਾਲ ਜੁੜੇ ਪ੍ਰੋਜੈਕਟਾਂ ਉੱਤੇ ਖਰਚਿਆ ਜਾਵੇਗਾ।

## ਬਜਟ ਵਿੱਚ ਸਾਰੇ ਪੱਖਾਂ ਦਾ ਰੱਖਿਆ ਗਿਆ ਹੈ ਧਿਆਨ : ਰੂਬੀ ਸਹੋਤਾ

...ਪੰਨਾ 1 ਦਾ ਬਾਕੀ

ਸਗੋਂ ਇਸ ਵਿੱਚ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਦੇ ਕਾਰਗਰ ਉਪਾਅ ਵੀ ਦੱਸੇ ਗਏ ਹਨ। ਸਹੋਤਾ ਨੇ ਆਖਿਆ ਕਿ ਕੋਵਿਡ-19 ਨੇ ਹਰ ਕਿਸੇ ਦੀ ਜ਼ਿੰਦਗੀ ਉੱਤੇ ਅਸਰ ਪਾਇਆ ਪਰ ਖਾਸ ਤੌਰ ਉੱਤੇ ਲੋਅ ਵੇਜ ਵਰਕਰਜ਼, ਨੌਜਵਾਨਾਂ, ਔਰਤਾਂ ਤੇ ਵੱਖ ਵੱਖ ਨਸਲਾਂ ਦੇ ਕੈਨੇਡਾ ਵਿੱਚ ਰਹਿ ਰਹੇ ਲੋਕ ਇਸ ਕਾਰਨ ਕਾਫੀ ਪ੍ਰਭਾਵਿਤ ਹੋਏ। ਕਾਰੋਬਾਰਾਂ ਲਈ ਤਾਂ ਇਹ ਕੋਵਿਡ-19 ਦੋ ਧਾਰੀ ਤਲਵਾਰ ਬਣ ਕੇ ਆਇਆ। ਬਹੁਤ ਸਾਰੇ ਵੱਡੇ ਕਾਰੋਬਾਰਾਂ ਦੀਆਂ ਨੀਂਹਾਂ ਤੱਕ ਹਿੱਲ ਗਈਆਂ ਤੇ ਨਿੱਕੇ ਕਾਰੋਬਾਰ ਖੁਦ ਨੂੰ ਚੱਲਦਾ ਰੱਖਣ ਲਈ ਲੜਾਈ ਲੜ ਰਹੇ ਹਨ। ਪਰ ਬਜਟ ਵਿੱਚ ਲੋਕਾਂ ਨੂੰ, ਮੱਧ ਵਰਗ ਨੂੰ ਪਹਿਲ ਦਿੱਤੀ ਗਈ ਹੈ। ਇਹ ਵੀ ਧਿਆਨ ਰੱਖਿਆ ਗਿਆ ਹੈ ਕਿ ਕੈਨੇਡਾ ਦਾ ਭਵਿੱਖ ਸਿਹਤਮੰਦ, ਗ੍ਰੀਨਰ ਤੇ ਖੁਸ਼ਹਾਲ ਹੋਵੇ।

ਸਰਕਾਰ ਵੱਲੋਂ ਇਸ ਸਾਲ ਦੇ ਅੰਤ ਤੱਕ ਇੱਕ ਮਿਲੀਅਨ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। ਚਾਈਲਡ ਕੇਅਰ ਸਿਸਟਮ ਨੂੰ ਹੋਰ ਵਧੀਆਂ ਕਰਨ ਦੇ ਨਾਲ ਨਾਲ ਵਰਕਫੋਰਸ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਦੀ ਗੱਲ ਵੀ ਕੀਤੀ ਗਈ ਹੈ। ਚਾਈਲਡ ਕੇਅਰ ਲਈ ਆਰਥਿਕ ਪੱਖੋਂ ਮਾਰ ਸਹਿ ਰਹੇ ਮਾਪਿਆਂ ਨੂੰ ਵੀ ਰਾਹਤ ਦੇਣ ਦੀ ਗੱਲ ਆਖੀ ਗਈ ਹੈ। 2022 ਤੱਕ ਚਾਈਲਡ ਕੇਅਰ ਉੱਤੇ ਹੋਣ ਵਾਲਾ ਖਰਚਾ 50 ਫੀ ਸਦੀ ਘਟਾਉਣ ਤੇ 2026 ਤੱਕ 10 ਡਾਲਰ ਪ੍ਰਤੀ ਦਿਨ ਤੱਕ ਲਿਆਂਉਣ ਦੀ ਵੀ ਗੱਲ ਕੀਤੀ ਗਈ ਹੈ। ਗੱਲ ਕੀ ਇਹ ਬਜਟ ਹਰ ਪੱਖੋਂ ਮੁਕੰਮਲ ਜਾਪਦਾ ਹੈ ਤੇ ਇਸ ਵਿੱਚ ਕੋਵਿਡ-19 ਖਿਲਾਫ ਜਾਰੀ ਜੰਗ ਨੂੰ ਵੀ ਸਿਰੇ ਲਾਉਣ ਦੀ ਗੱਲ ਆਖੀ ਗਈ ਹੈ।

## ਇੰਟਰਨੈਸ਼ਨਲ ਡਰੱਗ ਸਮਗਲਿੰਗ ਨੈੱਟਵਰਕ ਦਾ ਪਰਦਾਫਾਸ਼, 25 ਤੋਂ ਵੱਧ ਚਾਰਜ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਇੰਟਰਨੈਸ਼ਨਲ ਡਰੱਗ ਸਮਗਲਿੰਗ ਨੈੱਟਵਰਕ ਦਾ ਪਰਦਾਫਾਸ਼ ਹੋਣ ਤੋਂ ਬਾਅਦ 25 ਵਿਅਕਤੀਆਂ ਤੋਂ ਵੀ ਵੱਧ ਨੂੰ ਚਾਰਜ ਕੀਤਾ ਗਿਆ ਹੈ। ਇਸ ਦੌਰਾਨ 48 ਹਥਿਆਰ, 730,000 ਡਾਲਰ ਨਕਦੀ ਤੇ 2.5 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥ ਬਰਦਾਮਦ ਕੀਤੇ ਗਏ ਹਨ। ਇਸ ਦੌਰਾਨ ਬੱਚਿਆਂ ਦੇ ਇੰਡੋਰ ਪਲੇਅ ਸੈਂਟਰ ਤੋਂ ਵੀ ਹੈਰੋਈਨ ਬਰਾਮਦ ਕੀਤੀ ਗਈ।



ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਜਾਂਚ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਪ੍ਰੋਜੈਕਟ ਚੀਤਾ ਦਾ ਨਾਂ ਦਿੱਤਾ ਗਿਆ ਸੀ। ਇਹ ਜਾਂਚ ਮਈ 2020 ਵਿੱਚ ਸ਼ੁਰੂ ਹੋਈ ਤੇ ਇਹ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ, ਪੀਲ ਰੀਜਨਲ ਪੁਲਿਸ ਤੇ ਯੂਐਸ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਮਿਲ ਕੇ ਕੀਤੀ ਗਈ। ਸੋਮਵਾਰ ਨੂੰ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਇਹ ਨੈੱਟਵਰਕ ਪੱਛਮੀ ਕੈਨੇਡਾ, ਅਮਰੀਕਾ ਤੇ ਭਾਰਤ ਤੱਕ ਫੈਲਿਆ ਹੋਇਆ ਸੀ। ਸਮਗਲਰਜ਼ ਵੱਲੋਂ ਵੱਡੀ ਪੱਧਰ ਉੱਤੇ ਚਲਾਏ ਜਾ ਰਹੇ ਇਸ ਨੈੱਟਵਰਕ ਵਿੱਚ ਕੋਕੀਨ, ਕੈਟਾਮਾਈਨ, ਹੈਰੋਇਨ ਤੇ ਅਫੀਮ ਬਾਹਰੋਂ ਮੰਗਵਾ ਕੇ ਦੇਸ਼ ਭਰ ਵਿੱਚ ਸਪਲਾਈ ਕੀਤਾ ਜਾਂਦਾ ਸੀ।

8 ਅਪਰੈਲ ਨੂੰ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਕੈਲੇਫੋਰਨੀਆ ਵਿੱਚ ਇਸ ਪ੍ਰੋਜੈਕਟ ਤਹਿਤ 50 ਸਰਚ ਵਾਰੰਟ ਕਢਵਾਏ ਗਏ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਦੌਰਾਨ 2.3 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥ ਬਰਾਮਦ ਹੋਏ ਜਿਨ੍ਹਾਂ ਵਿੱਚ 10 ਕਿਲੋਗ੍ਰਾਮ ਕੋਕੀਨ, ਅੱਠ ਕਿਲੋਗ੍ਰਾਮ ਕੈਟਾਮਾਈਨ, ਤਿੰਨ ਕਿਲੋਗ੍ਰਾਮ ਹੈਰੋਇਨ ਤੇ 2.5 ਕਿਲੋਗ੍ਰਾਮ ਅਫੀਮ ਸ਼ਾਮਲ ਹਨ। ਪੁਲਿਸ ਨੇ ਦੱਸਿਆ ਕਿ ਇੰਡੋਰ ਪਲੇਅ ਸੈਂਟਰ ਤੋਂ ਵੀ ਹੈਰੋਇਨ ਮਿਲੀ।

ਯੌਰਕ ਪੁਲਿਸ ਇੰਸਪੈਕਟਰ ਰਾਇਨ ਹੋਗਨ ਨੇ ਇੱਕ ਵੀਡੀਓ ਬਿਆਨ ਵਿੱਚ ਆਖਿਆ ਕਿ ਇਸ ਤਰ੍ਹਾਂ ਦੇ ਨਸ਼ੀਲੇ ਪਦਾਰਥ ਸਾਡੀ ਕਮਿਊਨਿਟੀ ਲਈ ਕਾਫੀ ਹਾਨੀਕਾਰਕ ਹਨ। ਇਨ੍ਹਾਂ ਨਾਲ ਸਾਡੇ ਬੱਚਿਆਂ, ਸਾਡੇ ਭਵਿੱਖ ਨੂੰ ਵੱਡਾ ਖਤਰਾ ਹੈ। ਇਸ ਦੌਰਾਨ 33 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਇਨ੍ਹਾਂ ਵਿੱਚੋਂ 27 ਓਨਟਾਰੀਓ ਵਾਸੀ ਹਨ ਤੇ ਉਨ੍ਹਾਂ ਉੱਤੇ 130 ਕ੍ਰਿਮੀਨਲ ਅਫੈਂਸਿਜ਼ ਦਰਜ ਕੀਤੇ ਗਏ। ਓਨਟਾਰੀਓ ਵਿੱਚ ਹਿਰਾਸਤ ਵਿੱਚ ਲਏ ਗਏ ਮਸ਼ਕੂਕਾਂ ਵਿੱਚੋਂ 19 ਬਰੈਂਪਟਨ ਤੋਂ ਸਨ, ਚਾਰ ਟੋਰਾਂਟੋ ਤੋਂ, ਦੋ ਵਾਅਨ ਤੋਂ, ਇੱਕ ਵੁੱਡਸਟੌਕ ਤੋਂ ਅਤੇ ਇੱਕ ਕੇਲਡਨ ਤੋਂ ਸੀ।

ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਪਕੜ ਵਿੱਚ ਨਹੀਂ ਆਇਆ ਤੇ ਇਸ ਦੀ ਪਛਾਣ 41 ਸਾਲਾ ਗੁਰਬਿੰਦਰ ਸੂਚ ਵਜੋਂ ਹੋਈ ਹੈ ਤੇ ਉਹ ਡਰੱਗਜ਼ ਨਾਲ ਸਬੰਧਤ ਕਈ ਤਰ੍ਹਾਂ ਦੇ ਮਾਮਲਿਆਂ ਵਿੱਚ ਵਾਂਟਿਡ ਹੈ।

## ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ ਬਜਟ : ਓਟੂਲ

...ਪੰਨਾ 1 ਦਾ ਬਾਕੀ

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਆਪਣੇ ਕਾਕਸ ਨਾਲ ਬਜਟ ਬਾਰੇ ਗੱਲ ਕਰਨਗੇ ਤੇ ਫਿਰ ਹੀ ਇਹ ਫੈਸਲਾ ਕੀਤਾ ਜਾਵੇਗਾ ਕਿ ਬਜਟ ਦੇ ਪੱਖ ਵਿੱਚ ਵੋਟ ਪਾਉਣੀ ਹੈ ਜਾਂ ਵਿਰੋਧ ਵਿੱਚ ਵੋਟ ਪਾਉਣੀ ਹੈ। ਓਟੂਲ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਐਨਡੀਪੀ ਵੱਲੋਂ ਸਰਕਾਰ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨ ਦੇ ਕੀਤੇ ਗਏ ਕਰਾਰ ਕਾਰਨ ਬਜਟ ਸਬੰਧੀ ਫੈਸਲਾ ਉਨ੍ਹਾਂ ਵੱਲੋਂ ਹੀ ਕੀਤਾ ਜਾਵੇਗਾ।

ਓਟੂਲ ਨੇ ਇਹ ਵੀ ਆਖਿਆ ਕਿ ਲਿਬਰਲਾਂ ਵੱਲੋਂ ਇਹ ਬਜਟ ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਇਸ ਦੌਰਾਨ ਬਜਟ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਐਨਡੀਪੀ ਆਗੂ ਜਗਮੀਤ ਸਿੰਘ, ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੌਇਸ ਬਲਾਂਸ਼ੇ ਤੇ ਗ੍ਰੀਨ ਪਾਰਟੀ ਆਗੂ ਨੇ ਬਜਟ ਵਿੱਚੋਂ ਵੈਲਥ ਟੈਕਸ, ਹੈਲਥ ਕੇਅਰ ਫੰਡਿੰਗ-ਜਿਸ ਦੀ ਸੱਭ ਤੋਂ ਵੱਧ ਲੋੜ ਸੀ, ਪੋਸਟ ਸੈਕੰਡਰੀ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਮਦਦ ਦਾ ਜ਼ਿਕਰ ਤੱਕ ਨਾ ਹੋਣ ਉੱਤੇ ਚਿੰਤਾ ਪ੍ਰਗਟਾਈ।

ਜਗਮੀਤ ਸਿੰਘ ਨੇ ਆਖਿਆ ਕਿ ਅਜਿਹੇ ਹਾਲਾਤ ਵਿੱਚ ਜਦੋਂ ਕੋਵਿਡ-19 ਮਾਮਲਿਆਂ ਵਿੱਚ ਰਿਕਾਰਡ ਵਾਧਾ ਹੋ ਰਿਹਾ ਹੈ, ਫੀਲਡ ਹੌਸਪਿਟਲ ਕਾਇਮ ਕੀਤੇ ਜਾ ਰਹੇ ਹਨ, ਲੋਕ ਬਿਮਾਰ ਪੈ ਰਹੇ ਹਨ ਤਾਂ ਮਹਾਂਮਾਰੀ ਦੇ ਇਸ ਦੌਰ ਵਿੱਚ ਚੋਣਾਂ ਕਰਵਾਉਣ ਲਈ ਮੁੱਢ ਬੰਨ੍ਹਣਾ ਕਿਸੇ ਵੀ ਆਗੂ ਲਈ ਬੜਾ ਹੀ ਗੈਰਜ਼ਿੰਮੇਵਰਾਨਾ ਫੈਸਲਾ ਹੋਵੇਗਾ।

## ਕਿਊਬਿਕ ਦੀ ਸੁਪੀਰੀਅਰ ਕੋਰਟ ਨੇ ਧਰਮ ਨਿਰਪੱਖਤਾ ਕਾਨੂੰਨ ਨੂੰ ਰੱਖਿਆ ਬਰਕਰਾਰ

ਮਾਂਟਰੀਅਲ, 22 ਅਪਰੈਲ (ਪੋਸਟ ਬਿਊਰੋ) : ਕਿਊਬਿਕ ਦੀ ਸੁਪੀਰੀਅਰ ਕੋਰਟ ਨੇ ਪ੍ਰੋਵਿੰਸ ਦੇ ਧਰਮਨਿਰਪੱਖਤਾ ਕਾਨੂੰਨ, ਬਿੱਲ 21 ਨੂੰ ਬਰਕਰਾਰ ਰੱਖਿਆ ਹੈ। ਬੱਸ ਇਸ ਵਿੱਚ ਦੋ ਤਬਦੀਲੀਆਂ ਦੀ ਤਜਵੀਜ਼ ਹੈ : ਇਹ ਕਿਊਬਿਕ ਵਿੱਚ ਇੰਗਲਿਸ਼ ਸਕੂਲ ਬੋਰਡਜ਼ ਉੱਤੇ ਲਾਗੂ ਨਹੀਂ ਹੋਵੇਗਾ, ਤੇ ਪ੍ਰੋਵਿੰਸ ਦੀ ਵਿਧਾਨ ਸਭਾ ਦੇ ਮੈਂਬਰਾਂ ਉੱਤੇ ਵੀ ਲਾਗੂ ਨਹੀਂ ਹੋਵੇਗਾ।




ਅਜਿਹਾ ਇਸ ਲਈ ਕਿਉਂਕਿ ਵੱਖਰੇ ਕਾਰਨਾਂ ਕਰਕੇ ਇਹ ਗਰੁੱਪਜ਼ ਮਹਿਫੂਜ਼ ਹਨ। 2019 ਵਿੱਚ ਇਸ ਬਿੱਲ ਨੂੰ ਪਾਸ ਕਰਨ ਲਈ ਇਸ ਦਾ ਉਹ ਕਲਾਜ਼ ਲਾਗੂ ਕਰ ਦਿੱਤਾ ਗਿਆ ਸੀ ਜਿਸ ਵਿੱਚ ਅਧਿਆਪਕਾਂ, ਪੁਲਿਸ ਅਧਿਕਾਰੀਆਂ ਤੇ ਹੋਰ ਕਿਸਮ ਦੇ ਪਬਲਿਕ ਸਰਵੈਂਟਸ ਨੂੰ ਧਾਰਮਿਕ ਚਿੰਨ੍ਹ ਜਿਵੇਂ ਕਿ ਹਿਜਾਬ ਤੇ ਯਹੂਦੀਆਂ ਦੇ ਕਿੱਪ੍ਹਾਜ਼ ਪਾਉਣ ਉੱਤੇ ਰੋਕ ਹੈ।

ਆਪਣੇ ਫੈਸਲੇ ਵਿੱਚ ਜੱਜ ਮਾਰਕ ਆਂਦਰੇ ਬਲੈਂਚਰਡ ਨੇ ਆਖਿਆ ਕਿ ਇੰਗਲਿਸ਼ ਸਕੂਲ ਬੋਰਡਜ਼ ਨੂੰ ਘੱਟਗਿਣਤੀਆਂ ਦੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਫੈਸਲਾ ਕਰਨ ਦਾ ਹੱਕ ਦਿੱਤਾ ਗਿਆ ਹੈ ਕਿ ਉਹ ਆਪ ਇਹ ਤੈਅ ਕਰਨ ਕਿ ਉਨ੍ਹਾਂ ਨੇ ਅਜਿਹੇ ਲੋਕਾਂ ਦੀਆਂ ਸੇਵਾਵਾਂ ਲੈਣੀਆਂ ਹਨ ਜਿਹੜੇ ਧਾਰਮਿਕ ਚਿੰਨ੍ਹ ਪਾਉਂਦੇ ਹਨ ਜਾਂ ਨਹੀਂ।

ਜੱਜ ਨੇ ਇਹ ਵੀ ਆਖਿਆ ਕਿ ਵੋਟਰਜ਼ ਨੂੰ ਵੀ ਇਸ ਗੱਲ ਦਾ ਪੂਰਾ ਹੱਕ ਹੈ ਕਿ ਉਨ੍ਹਾਂ ਵੱਲੋਂ ਚੁਣੇ ਗਏ ਐਮਐਨਏਜ਼ ਨੂੰ ਧਾਰਮਿਕ ਚਿੰਨ੍ਹਾਂ ਕਾਰਨ ਨੈਸ਼ਨਲ ਅਸੈਂਬਲੀ ਵਿੱਚ ਹਿੱਸਾ ਲੈਣ ਤੋਂ ਬੈਨ ਨਹੀਂ ਕੀਤਾ ਜਾਵੇਗਾ।

## ਇਨਕਮ ਟੈਕਸ ਭਰਨ ਵਿੱਚ ਦੇਰੀ ਕਾਰਨ ਕੋਵਿਡ-19 ਵਿੱਤੀ ਮੱਦਦ ਹਾਸਲ ਕਰਨ ਵਿੱਚ ਪੈ ਸਕਦਾ ਹੈ ਅੜਿੱਕਾ : ਸੀ ਆਰ ਏ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) :ਮਹਾਂਮਾਰੀ ਨੂੰ ਲੈ ਕੇ ਚੱਲ ਰਹੀ ਚਿੰਤਾ ਤੇ ਕੰਮ ਵਿੱਚ ਰੁੱਝੀਆਂ ਜ਼ਿੰਦਗੀਆਂ ਦਰਮਿਆਨ ਸਾਲ ਦੇ ਇਸ ਸਮੇਂ ਇਨਕਮ ਟੈਕਸ ਫਾਈਲ ਕਰਨ ਦਾ ਇਰਾਦਾ ਕਾਫੀ ਵਿਲੱਖਣ ਹੈ। ਇਸ ਦੌਰਾਨ ਕੈਨੇਡਾ ਰੈਵਨਿਊ ਏਜੰਸੀ (ਸੀ ਆਰ ਏ)ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਕੋਈ ਵੀ 30 ਅਪਰੈਲ ਦੀ ਸਮਾਂ ਸੀਮਾਂ ਟੱਪ ਜਾਂਦਾ ਹੈ ਤੇ ਕੋਵਿਡ-19 ਬੈਨੇਫਿਟ ਹਾਸਲ ਕਰਨ ਦੀ ਉਡੀਕ ਕਰਦਾ ਰਹਿੰਦਾ ਹੈ ਤਾਂ ਉਸ ਨੂੰ ਦੋ ਮਹੀਨੇ ਦੀ ਦੇਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।




ਇੱਕ ਤਾਜ਼ਾ ਪੋਸਟ ਵਿੱਚ ਸੀ ਆਰ ਏ ਨੇ ਇਹ ਸਵੀਕਾਰ ਕੀਤਾ ਕਿ ਕੁੱਝ ਕੈਨੇਡੀਅਨਾਂ ਨੂੰ ਇਸ ਸਾਲ ਆਪਣਾ ਇਨਕਮ ਟੈਕਸ ਭਰਵਾਉਣ ਵਿੱਚ ਕੁੱਝ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਏਜੰਸੀ ਵੱਲੋਂ ਇਹ ਵੀ ਆਖਿਆ ਗਿਆ ਕਿ ਕਿਸੇ ਨੂੰ ਵੀ ਕੈਨੇਡਾ ਰਿਕਵਰੀ ਬੈਨੇਫਿਟ (ਸੀ ਆਰ ਬੀ), ਦ ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੇਫਿਟ (ਸੀ ਆਰ ਸੀ ਬੀ) ਜਾਂ ਦ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ (ਸੀ ਆਰ ਐਸ ਬੀ) ਲਈ ਯੋਗਤਾ ਤੈਅ ਕਰਨ ਲਈ 2020 ਟੈਕਸ ਇਨਫਰਮੇਸ਼ਨ ਚਾਹੀਦੀ ਹੋਵੇਗੀ।

ਤਿੰਨਾਂ ਪ੍ਰੋਗਰਾਮਾਂ ਤਹਿਤ ਇਹ ਸ਼ਰਤ ਹੈ ਕਿ ਬਿਨੈਕਾਰ ਨੇ 2019 ਤੇ 2020 ਵਿੱਚ ਘੱਟੋ ਘੱਟ 5000 ਡਾਲਰ ਜਾਂ ਅਰਜ਼ੀ ਦੇਣ ਦੀ ਤਰੀਕ ਤੋਂ 12 ਮਹੀਨੇ ਪਹਿਲਾਂ ਐਨੀ ਹੀ ਰਕਮ ਕਮਾਈ ਹੋਵੇ। ਏਜੰਸੀ ਨੇ ਆਖਿਆ ਕਿ ਜੇ ਉਨ੍ਹਾਂ ਨੂੰ ਵਾਧੂ ਜਾਣਕਾਰੀ ਚਾਹੀਦੀ ਹੋਵੇਗੀ ਤਾਂ ਸੀ ਆਰ ਏ ਅਰਜ਼ੀ ਹਾਸਲ ਹੋਣ ਤੋਂ ਅੱਠ ਹਫਤੇ ਤੱਕ ਉਸ ਸਬੰਧੀ ਪ੍ਰਕਿਰਿਆ ਪੂਰੀ ਕਰੇਗੀ। ਏਜੰਸੀ ਨੇ ਇਹ ਵੀ ਦੱਸਿਆ ਕਿ ਜੇ ਸਮੇਂ ਸਿਰ ਰਿਟਰਨ ਫਾਈਲ ਕੀਤੀ ਜਾਵੇਗੀ ਤਾਂ ਉਸ ਨੂੰ ਪ੍ਰੋਸੈੱਸ ਕਰਨ ਵਿੱਚ 3 ਤੋਂ 5 ਦਿਨ ਲੱਗਣਗੇ। ਕੈਨੇਡਾ ਵਿੱਚ ਟੈਕਸ ਫਾਈਲ ਕਰਨ ਵਾਲੇ 90 ਫੀ ਸਦੀ ਲੋਕ ਆਨਲਾਈਲ ਹੀ ਇਹ ਟੈਕਸ ਫਾਈਲ ਕਰਦੇ ਹਨ।

ਪਿਛਲੇ ਹਫਤੇ ਫੈਡਰਲ ਸਰਕਾਰ ਉੱਤੇ ਕੰਜ਼ਰਵੇਟਿਵਾਂ ਵੱਲੋਂ ਇਸ ਸਾਲ ਟੈਕਸ ਫਾਈਲ ਕਰਨ ਲਈ ਡੈੱਡਲਾਈਨ ਵਿੱਚ ਵਾਧਾ ਕਰਨ ਲਈ ਦਬਾਅ ਪਾਇਆ ਗਿਆ ਸੀ ਤੇ ਇਸ ਦੌਰਾਨ ਕਿਊਬਿਕ ਨੇ ਆਖਿਆ ਕਿ ਉਹ ਇਸ ਸਬੰਧ ਵਿੱਚ ਆਪਣੀ ਸਮਾਂ ਸੀਮਾਂ ਮਈ ਤੱਕ ਵਧਾਵੇਗਾ। ਪਰ ਖਜ਼ਾਨਾ ਮੰਤਰੀ ਦੇ ਪਾਰਲੀਆਮਾਨੀ ਸੈਕਟਰੀ ਫਰਾਂਸਿਸਕੋ ਸੋਰਬਾਰਾ ਨੇ ਆਖਿਆ ਕਿ ਬੈਨੇਫਿਟਸ ਵਿੱਚ ਰੁਕਾਵਟ ਤੋਂ ਬਚਣ ਲਈ ਕੈਨੇਡੀਅਨਾਂ ਨੂੰ ਟੈਕਸ ਸਮੇਂ ਸਿਰ ਫਾਈਲ ਕਰਨਾ ਚਾਹੀਦਾ ਹੈ।

## ਕੈਨਸਿੰਗਟਨ ਮਾਰਕਿਟ ਨੇੜੇ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਇੱਕ ਜ਼ਖ਼ਮੀ

ਓਨਟਾਰੀਓ, 22 ਅਪਰੈਲ ( ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਕੈਨਸਿੰਗਟਨ ਮਾਰਕਿਟ ਨੇੜੇ ਇੱਕ ਪਾਰਕ ਕੀਤੀ ਹੋਈ ਗੱਡੀ ਨਾਲ ਟਕਰਾ ਜਾਣ ਕਾਰਨ ਇੱਕ ਕਾਰ ਖੰਭੇ ਵਿੱਚ ਜਾ ਵੱਜੀ ਤੇ ਫਿਰ ਸਾਈਡਵਾਕ ਉੱਤੇ ਚੜ੍ਹ ਗਈ। ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੂਜੇ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਰਾਤੀਂ 11:00 ਵਜੇ ਡੰਡਸ ਸਟਰੀਟ ਵੈਸਟ ਤੇ ਆਗਸਤਾ ਐਵਨਿਊ ਉੱਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇੰਜ ਲੱਗਦਾ ਹੈ ਕਿ ਕਾਰ ਦੇ ਡਰਾਈਵਰ ਨੇ ਡੰਡਸ ਉੱਤੇ ਜਾ ਰਹੀ ਕਿਸੇ ਦੂਜੀ ਕਾਰ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ ਪਰ ਸਾਹ-ਮਣੇ ਪਾਰਕ ਕੀਤੀ ਗੱਡੀ ਨਾਲ ਕਾਰ ਜਾ ਟਕਰਾਈ। ਕਾਰ ਦੀ ਪਿਛਲੀ ਸੀਟ ਉੱਤੇ ਜਿਹੜਾ ਵਿਅਕਤੀ ਬੈਠਾ ਸੀ ਉਸ ਨੂੰ ਕਾਫੀ ਸੱਟਾਂ ਲੱਗੀਆਂ ਤੇ ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ।

ਇੱਕ ਹੋਰ ਵਿਅਕਤੀ, ਜਿਸ ਬਾਰੇ ਮੰਨਿਆ ਜਾ ਰਿਹਾ ਹੈ ਕਿ ਉਹ ਡਰਾਈਵਰ ਸੀ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇੱਕ ਤੀਜਾ ਵਿਅਕਤੀ, ਜਿਹੜਾ ਪੈਸੈਂਜਰ ਸੀਟ ਉੱਤੇ ਬੈਠਾ ਸੀ, ਮੌਕੇ ਤੋਂ ਫਰਾਰ ਹੋ ਗਿਆ।

## ਨਵੀਆਂ ਪਾਬੰਦੀਆਂ ਤਹਿਤ ਪੁਲਿਸ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ

ਓਨਟਾਰੀਓ, 22 ਅਪਰੈਲ (ਪੋਸਟ ਬਿਊਰੋ) : ਸਪਰਿੰਗ ਬ੍ਰੇਕ ਤੋਂ ਬਾਅਦ ਭਾਵੇਂ ਸਕੂਲਾਂ ਦੀਆਂ ਬਿਲਡਿੰਗਜ਼ ਬੰਦ ਰਹਿਣਗੀਆਂ ਪਰ ਸੋਮਵਾਰ ਤੋਂ ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਕਲਾਸਾਂ ਲਾਉਣਗੇ।

ਸਰਕਾਰ ਵੱਲੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੁੱਝ ਨਵੀਆਂ ਪਾਬੰਦੀਆਂ ਵੀ ਐਲਾਨੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੰਟਰਪ੍ਰੋਵਿੰਸ਼ੀਅਲ ਟਰੈਵਲ ਨੂੰ ਸੀਮਤ ਕਰਨਾ ਵੀ ਸ਼ਾਮਲ ਹੈ। ਇੰਟਰਪ੍ਰੋਵਿੰਸ਼ੀਅਲ ਬਾਰਡਰ ਕਰੌਸਿੰਗ ਨੂੰ ਸੀਮਤ ਕਰਨ ਲਈ ਚੈੱਕ ਪੁਆਇੰਟਸ ਵੀ ਕਾਇਮ ਕਰ ਦਿੱਤੇ ਗਏ ਹਨ। ਓਨਟਾਰੀਓ ਵਿੱਚ ਕੰਮ, ਮੈਡੀਕਲ ਕੇਅਰ, ਵਸਤਾਂ ਦੀ ਟਰਾਂਸਪੋਰਟੇਸ਼ਨ ਤੇ ਇੰਡੀਜੀਨਸ ਸੰਧੀ ਦੇ ਅਧਿਕਾਰਾਂ ਨੂੰ ਪੂਰਾ ਕਰਨ ਲਈ ਆਉਣ ਵਾਲਿਆਂ ਨੂੰ ਹੀ ਖੁੱਲ੍ਹ ਦਿੱਤੀ ਜਾਵੇਗੀ।

ਸ਼ੁੱਕਰਵਾਰ ਨੂੰ ਐਲਾਨੇ ਕੁੱਝ ਪਬਲਿਕ ਹੈਲਥ ਨਿਯਮਾਂ ਨੂੰ ਵਾਪਿਸ ਲੈਣ ਦੇ ਬਾਵਜੂਦ ਪ੍ਰੋਵਿੰਸ ਆਪਣੇ ਇਸ ਫੈਸਲੇ ਉੱਤੇ ਕਾਇਮ ਰਹੀ। ਸ਼ਨਿੱਚਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਮਾਪਿਆਂ ਤੇ ਪਬਲਿਕ ਹੈਲਥ ਮਾਹਿਰਾਂ ਵੱਲੋਂ ਕੀਤੀ ਨੁਕਤਾਚੀਨੀ ਤੋਂ ਬਾਅਦ ਪਲੇਅਗ੍ਰਾਊਂਡ ਨੂੰ ਬੰਦ ਕਰਨ ਦੇ ਆਪਣੇ ਫੈਸਲੇ ਨੂੰ ਵਾਪਿਸ ਲੈ ਲਿਆ। ਸ਼ਨਿੱਚਰਵਾਰ ਨੂੰ ਪ੍ਰੋਵਿੰਸ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਸ਼ਕਤੀਆਂ ਦੇ ਦਿੱਤੀਆਂ ਗਈਆਂ।

ਇਸ ਦੌਰਾਨ ਆਖਿਆ ਗਿਆ ਕਿ ਹੁਣ ਪੁਲਿਸ ਅਧਿਕਾਰੀ ਕਿਸੇ ਰਾਹਗੀਰ ਜਾਂ ਡਰਾਈਵਰ ਨੂੰ ਸਟੇਅ ਐਟ ਹੋਮ ਹੁਕਮਾਂ ਦੌਰਾਨ ਰੋਕ ਕੇ ਉਨ੍ਹਾਂ ਦੇ ਘਰ ਦਾ ਪਤਾ ਤੇ ਉਨ੍ਹਾਂ ਦੇ ਘਰ ਤੋਂ ਬਾਹਰ ਹੋਣ ਦਾ ਕਾਰਨ ਨਹੀਂ ਪੁੱਛਣਗੇ ਸਗੋਂ ਅਜਿਹੇ ਕਿਸੇ ਵੀ ਸ਼ਖਸ ਨੂੰ ਵੇਖ ਕੇ ਰੋਕਣ ਤੋਂ ਪਹਿਲਾਂ ਪੁਲਿਸ ਇਹੋ ਮੰਨ ਕੇ ਚੱਲੇਗੀ ਕਿ ਸਬੰਧਤ ਵਿਅਕਤੀ ਕਿਸੇ ਆਰਗੇਨਾਈਜ਼ਡ ਜਨਤਕ ਈਵੈਂਟ ਜਾਂ ਸੋਸ਼ਲ ਗੈਦਰਿੰਗ ਵਿੱਚ ਹਿੱਸਾ ਲੈਣ ਲਈ ਜਾ ਰਿਹਾ ਹੈ।

ਇਸ ਤੋਂ ਇਲਾਵਾ ਅੱਜ ਤੋਂ ਸ਼ੁਰੂ ਕਰਕੇ ਸਰਕਾਰ ਵੱਲੋਂ ਵਿਆਹਾਂ, ਅੰਤਿਮ ਰਸਮਾਂ, ਧਾਰਮਿਕ ਸੇਵਾਵਾਂ, ਰਸਮਾਂ ਤੇ ਸਮਾਰੋਹਾਂ ਉੱਤੇ ਇੰਡੋਰ ਤੇ ਆਊਟਡੋਰ ਸਿਰਫ 10 ਵਿਅਕਤੀਆਂ ਨੂੰ ਢੁੱਕਣ ਦੀ ਸ਼ਰਤ ਨਿਰਧਾਰਤ ਕਰ ਦਿੱਤੀ ਹੈ। ਇਨ੍ਹਾਂ ਸੇਵਾਵਾਂ ਨਾਲ ਸਬੰਧਤ ਇੱਕਠ ਜਿਵੇਂ ਕਿ ਰਿਸੈਪਸ਼ਨਜ਼ ਆਦਿ, ਉੱਤੇ ਰੋਕ ਲਾ ਦਿੱਤੀ ਗਈ ਹੈ ਬਸ਼ਰਤੇ ਇਸ ਤਰ੍ਹਾਂ ਦੇ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਇੱਕੋ ਪਰਿਵਾਰ ਦੇ ਜੀਅ ਹੋਣ ਤੇ ਇੱਕ ਬਾਹਰੀ ਵਿਅਕਤੀ ਵੀ ਸ਼ਾਮਲ ਹੋ ਸਕਦਾ ਹੈ, ਸ਼ਰਤ ਇਹ ਹੈ ਕਿ ਉਹ ਇੱਕਲਾ ਰਹਿੰਦਾ ਹੋਵੇ। ਡਰਾਈਵ ਇਨ ਸਰਵਿਸ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ।






# ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਉਡਾਨਾਂ ਉੱਤੇ 30 ਦਿਨ ਲਈ ਕੈਨੇਡਾ ਨੇ ਲਾਈ ਰੋਕ




ਓਟਵਾ, 22 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਕਮਰਸ਼ੀਅਲ ਤੇ ਪ੍ਰਾਈਵੇਟ ਉਡਾਨਾਂ ਉੱਤੇ 30 ਦਿਨਾਂ ਲਈ ਰੋਕ ਲਾ ਦਿੱਤੀ ਗਈ ਹੈ। ਇਹ ਹੁਕਮ ਵੀਰਵਾਰ ਰਾਤੀਂ 11:30 ਵਜੇ ਤੋਂ ਪ੍ਰਭਾਵੀ ਹੋ ਗਏ। ਇਨ੍ਹਾਂ ਦੇਸ਼ਾਂ ਵਿੱਚ ਕੋਵਿਡ-19 ਦੀਆਂ ਵੱਧ ਰਹੀਆਂ ਇਨਫੈਕਸ਼ਨਜ਼ ਕਾਰਨ ਹੀ ਫੈਡਰਲ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ।

ਵੀਰਵਾਰ ਸ਼ਾਮ ਨੂੰ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਸਿਹਤ, ਇਮੀਗ੍ਰੇਸ਼ਨ, ਟਰਾਂਸਪੋਰਟ, ਪਬਲਿਕ ਸੇਫਟੀ ਤੇ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀਆਂ ਨੇ ਇਸ ਫੈਸਲੇ ਸਬੰਧੀ ਐਲਾਨ ਕੀਤਾ। ਸਰਕਾਰ ਉੱਤੇ ਵੇਰੀਐਂਟ ਦੇ ਪਸਾਰ ਨੂੰ ਰੋਕਣ ਲਈ ਘਰੇਲੂ ਪੱਧਰ ਉੱਤੇ ਕਾਫੀ ਦਬਾਅ ਪਾਇਆ ਜਾ ਰਿਹਾ ਹੈ। ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਆਖਿਆ ਕਿ ਉਹ ਇਨ੍ਹਾਂ ਦੋਵਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਉੱਤੇ ਅਸਥਾਈ ਪਾਬੰਦੀ ਇਸ ਲਈ ਲਾ ਰਹੇ ਹਨ ਕਿਉਂਕਿ ਇੱਥੋਂ ਪਹੁੰਚਣ ਵਾਲੇ ਯਾਤਰੀਆਂ ਦੇ ਟੈਸਟ ਨਤੀਜੇ ਪਾਜ਼ੀਟਿਵ ਆ ਰਹੇ ਹਨ।

ਇਸ ਤੋਂ ਇਲਾਵਾ ਜੇ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਅਸਿੱਧੇ ਰੂਟ ਰਾਹੀਂ ਇੱਥੇ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਨੈਗੇਟਿਵ ਪੀ ਸੀ ਆਰ ਟੈਸਟ ਵਿਖਾਉਣਾ ਹੋਵੇਗਾ। ਇੱਕ ਵਾਰੀ ਉਨ੍ਹਾਂ ਦੇ ਕੈਨੇਡਾ ਪਹੁੰਚਣ ਉੱਤੇ ਉਨ੍ਹਾਂ ਨੂੰ ਸਟੈਂਡਰਡ ਪ੍ਰੋਟੋਕਾਲ ਦਾ ਹੀ ਪਾਲਣ ਕਰਨਾ ਹੋਵੇਗਾ। ਫਿਰ ਉਨ੍ਹਾਂ ਨੂੰ ਇੱਥੇ ਆ ਕੇ ਇੱਕ ਹੋਰ ਟੈਸਟ ਕਰਵਾਉਣਾ ਹੋਵੇਗਾ ਤੇ ਇਸ ਦੇ ਨਤੀਜੇ ਦੀ ਉਡੀਕ ਕਰਦੇ ਸਮੇਂ ਉਨ੍ਹਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਹੋਟਲ ਵਿੱਚ ਰੁਕਣਾ ਹੋਵੇਗਾ। ਅਲਘਬਰਾ ਨੇ ਆਖਿਆ ਕਿ ਲੋੜ ਪੈਣ ਉੱਤੇ ਉਹ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ ਲਾਉਣ ਤੋਂ ਵੀ ਨਹੀਂ ਹਿਚਕਿਚਾਉਣਗੇ।

# ਸਮਰੱਥਾ ਨਾਲੋਂ ਘੱਟ ਵੈਕਸੀਨੇਟ ਕੀਤਾ ਜਾ ਰਿਹਾ ਹੈ ਕੈਨੇਡੀਅਨਾਂ ਨੂੰ !



ਮੇਜਰ ਜਨਰਲ ਡੈਨੀ ਫੋਰਟਿਨ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਕੈਨੇਡਾ ਵੱਲੋਂ ਭਾਵੇਂ ਹਰ ਹਫਤੇ ਕੋਵਿਡ-19 ਦੀਆਂ 3.1 ਮਿਲੀਅਨ ਡੋਜ਼ਾਂ ਲਾ ਰਿਹਾ ਹੈ ਪਰ ਅਜੇ ਵੀ ਕੈਨੇਡਾ ਨੂੰ ਹਾਸਲ ਹੋਣ ਵਾਲੀ ਵੈਕਸੀਨ ਦੀ ਮਾਤਰਾ ਕਾਫੀ ਘੱਟ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੇ ਹੈੱਡ ਅਨੁਸਾਰ ਕੈਨੇਡੀਅਨ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਇਸ ਤੋਂ ਕਿਤੇ ਜ਼ਿਆਦਾ ਲੋਕਾਂ ਨੂੰ ਵੈਕਸੀਨੇਟ ਕਰਨ ਦੀ ਸਮਰੱਥਾ ਰੱਖਦੇ ਹਨ।

ਹਾਊਸ ਆਫ ਕਾਮਨਜ਼ ਦੀ ਹੈਲਥ ਕਮੇਟੀ ਵਿੱਚ ਪਿੱਛੇ ਜਿਹੇ ਇਹ ਪੁੱਛਿਆ ਗਿਆ ਕਿ ਹਰ ਹਫਤੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵਿੱਚ ਕਿੰਨਾਂ ਟੀਕਾਕਰਣ ਹੋ ਰਿਹਾ ਹੈ, ਇਸ ਉੱਤੇ ਮੇਜਰ ਜਨਰਲ ਡੈਨੀ ਫੋਰਟਿਨ, ਜੋ ਕਿ ਲਾਜਿਸਟਿਕਸ ਆਫ ਕੈਨੇਡਾ ਰੋਲਆਊਟ ਦੀ ਅਗਵਾਈ ਕਰ ਰਹੇ ਹਨ, ਨੇ ਕੁੱਝ ਨਹੀਂ ਆਖਿਆ ਪਰ ਉਸ ਤੋਂ ਬਾਅਦ ਐਮਪੀਜ਼ ਨੂੰ ਦਿੱਤੇ ਜਵਾਬ ਵਿੱਚ ਪੀ ਐਚ ਏ ਸੀ ਦੇ ਪ੍ਰੈਜ਼ੀਡੈਂਟ ਇਏਨ ਸਟੀਵਾਰਟ ਨੇ ਆਖਿਆ ਕਿ ਵੱਖ ਵੱਖ ਮੋਡਜ਼, ਜਿਵੇਂ ਕਿ ਫਾਰਮੇਸੀਜ਼, ਮਾਸ ਕਲੀਨਿਕਸ, ਫਿਜ਼ੀਸ਼ੀਅਨਜ਼ ਦੇ ਆਫਿਸ, ਦੀ ਵਰਤੋਂ ਕਰਨ, ਆਬਾਦੀ ਦੇ ਆਕਾਰ ਤੇ ਵੈਕਸੀਨ ਦੀ ਸਪਲਾਈ ਉੱਤੇ ਹੀ ਇਹ ਅੰਕੜੇ ਨਿਰਭਰ ਕਰਦੇ ਹਨ। ਉਨਾਂ ਆਖਿਆ ਕਿ ਇਨ੍ਹਾਂ ਅੰਕੜਿਆਂ ਮੁਤਾ-ਬਕ ਹਰ ਹਫਤੇ ਕੋਵਿਡ-19 ਵੈਕਸੀਨ ਦੀਆਂ ਅੰਦਾਜ਼ਨ 3.1 ਮਿਲੀਅਨ ਡੋਜ਼ਾਂ ਹਰ ਹਫਤੇ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਸਵਾਲ ਐਨਡੀਪੀ ਦੇ ਐਮਪੀ ਤੇ ਹੈਲਥ ਕ੍ਰਿਟਿਕ ਡੌਨ ਡੇਵੀਜ਼ ਨੇ ਪੁੱਛਿਆ ਸੀ।

ਅਗਲੇ ਹਫਤੇ ਫੈਡਰਲ ਸਰਕਾਰ 1.9 ਮਿਲੀਅਨ ਡੋਜ਼ਾਂ ਦੀ ਡਲਿਵਰੀ ਦੀ ਉਮੀਦ ਕਰ ਰਹੀ ਹੈ। ਡੇਵੀਜ਼ ਨੇ ਆਖਿਆ ਕਿ ਕੋਵਿਡ-19 ਦੇ ਮਾਮਲੇ ਕੈਨੇਡਾ ਭਰ ਵਿੱਚ ਤੇਜ਼ੀ ਨਾਲ ਫੈਲ ਰਹੇ ਹਨ ਤੇ ਕਈ ਪ੍ਰੋਵਿੰਸਾਂ ਦੇ ਹਸਪਤਾਲ ਵੀ ਭਰ ਚੁੱਕੇ ਹਨ। ਜਲਦ ਤੋਂ ਜਲਦ ਕੈਨੇਡੀਅਨਾਂ ਨੂੰ ਵੈਕਸੀਨੇਟ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਇਸ ਸੰਕਟ ਵਿੱਚੋਂ ਜਲਦ ਤੋਂ ਜਲਦ ਨਿਕਲਿਆ ਜਾ ਸਕੇ। ਪਰ ਪਬਲਿਕ ਹੈਲਥ ਏਜੰਸੀ ਦੇ ਹੈੱਡ ਨੇ ਇਹ ਆਖ ਕੇ ਪੱਲਾ ਝਾੜ ਲਿਆ ਕਿ ਅਜੇ ਅਸੀਂ ਆਪਣੀ ਅੱਧੀ ਸਮਰੱਥਾ ਨਾਲ ਕੰਮ ਕਰ ਰਹੇ ਹਾਂ।

ਉਨ੍ਹਾਂ ਆਖਿਆ ਕਿ ਇਹ ਡੋਜ਼ਾਂ ਦੀ ਸਪਲਾਈ ਦੀ ਘਾਟ ਕਾਰਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਲਿਬਰਲਾਂ ਨੂੰ ਹੋਰਨਾਂ ਉੱਤੇ ਇਲਜ਼ਾਮ ਲਾਉਣ ਦੀ ਥਾਂ ਵੱਡੀ ਮਾਤਰਾ ਵਿੱਚ ਵੈਕਸੀਨ ਸੁਰੱਖਿਅਤ ਕਰਨ ਵਿੱਚ ਅਸਫਲ ਰਹਿਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਤੇ ਕੈਨੇਡੀਅਨਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਅਸੀਂ ਪੂਰੀ ਸਮਰੱਥਾ ਨਾਲ ਉਨ੍ਹਾਂ ਨੂੰ ਕਦੋਂ ਵੈਕਸੀਨੇਟ ਕਰ ਸਕਾਂਗੇ। ਇਸ ਸਵਾਲ ਦੇ ਜਵਾਬ ਵਿੱਚ ਸਿਹਤ ਮੰਤਰੀ ਪੈਟੀ ਹਾਜਦੂ ਨੇ ਆਖਿਆ ਕਿ ਫੈਡਰਲ ਸਰਕਾਰ ਵੈਕਸੀਨ ਰੋਲਆਊਟ ਬਾਰੇ ਬਹੁਤ ਸਪਸ਼ਟ ਤੇ ਪਾਰਦਰਸ਼ੀ ਰਹੀ ਹੈ। ਅਸੀਂ ਪੈਰ ਪੈਰ ਉੱਤੇ ਇਹ ਦੱਸਦੇ ਰਹੇ ਹਾਂ ਕਿ ਕਿੰਨੀ ਡੋਜ਼ ਕੈਨੇਡਾ ਪਹੁੰਚ ਰਹੀ ਹੈ ਤੇ ਡੋਜ਼ਾਂ ਵਿੱਚ ਹੋਣ ਵਾਲੀ ਦੇਰ ਬਾਰੇ ਵੀ ਅਸੀਂ ਸਪਸ਼ਟ ਜਾਣਕਾਰੀ ਦਿੰਦੇ ਰਹੇ ਹਾਂ।

ਇਸ ਦੌਰਾਨ ਫੋਰਟਿਨ ਨੇ ਆਖਿਆ ਕਿ ਅਗਲੇ ਹਫਤੇ ਕੈਨੇਡਾ ਨੂੰ ਤਿੰਨ ਉਤਪਾਦਕਾਂ, ਫਾਈਜ਼ਰ-ਬਾਇਓਐਨਟੈਕ, ਮੋਡਰਨਾ ਤੇ ਜੌਹਨਸਨ ਐਂਡ ਜੌਹਨਸਨ ਤੋਂ ਡੋਜ਼ਾਂ ਮਿਲ ਜਾਣਗੀਆਂ। ਫਾਈਜ਼ਰ ਕੋਲੋਂ 1,019,070 ਡੋਜ਼ਾਂ, ਮੋਡਰਨਾ ਤੋਂ 650,000 ਡੋਜ਼ਾਂ ਤੇ ਜੌਹਨਸਨ ਐਂਡ ਜੌਹਨਸਨ ਤੋਂ 300,000 ਡੋਜ਼ਾਂ ਹਾਸਲ ਹੋਣਗੀਆਂ।

# ਓਨਟਾਰੀਓ ਦੀਆਂ ਕਈ ਫਾਰਮੇਸੀਜ਼ 24/7 ਕਰਨਗੀਆਂ ਟੀਕਾਕਰਣ




ਓਨਟਾਰੀਓ, 22 ਅਪਰੈਲ (ਪੋਸਟ ਬਿਊਰੋ) : ਪ੍ਰੋਵਿੰਸ ਦਾ ਕਹਿਣਾ ਹੈ ਕਿ ਕੁੱਝ ਫਾਰਮੇਸੀਜ਼ ਵੱਲੋਂ 40 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੈਕਸੀਨੇਟ ਕਰਨ ਲਈ 24/7 ਕੋਵਿਡ-19 ਵੈਕਸੀਨੇਸ਼ਨ ਕਰਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

ਇਹ ਪੇਸ਼ਕਸ਼ ਕਰਨ ਵਾਲੀਆਂ ਟੋਰਾਂਟੋ, ਪੀਲ ਤੇ ਯੌਰਕ ਰੀਜਨ ਦੀਆਂ 20 ਵਿੱਚੋਂ 16 ਫਾਰਮੇਸੀਜ਼ ਹਨ। ਕਈ ਫਾਰਮੇਸੀਜ਼ ਤਾਂ ਸਵੇਰ ਤੋਂ ਹੀ 24/7 ਵੈਕਸੀਨੇਸ਼ਨ ਸ਼ੁਰੂ ਕਰ ਦੇਣਗੀਆਂ। ਇੱਕ ਪ੍ਰੈੱਸ ਰਲੀਜ਼ ਵਿੱਚ ਡਿਪਟੀ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਆਪਣੀਆਂ ਭਾਈਵਾਲ ਫਾਰਮੇਸੀਜ਼ ਨਾਲ ਕੰਮ ਕਰਕੇ ਅਸੀਂ ਇਹੋ ਯਕੀਨੀ ਬਣਾ ਰਹੇ ਹਾਂ ਕਿ ਜਿਹੜੀਆਂ ਕਮਿਊਨਿਟੀਜ਼ ਇਸ ਸਮੇਂ ਸੱਭ ਤੋਂ ਵੱਧ ਰਿਸਕ ਉੱਤੇ ਹਨ ਉਨ੍ਹਾਂ ਦੀ ਵੀ ਕੋਵਿਡ-19 ਵੈਕਸੀਨੇਸ਼ਨ ਤੱਕ ਸੁਖਾਲੀ ਪਹੁੰਚ ਹੋਵੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਇਹ ਵੈਕਸੀਨ ਆਪਣੇ ਘਰ ਦੇ ਲਾਗੇ ਤੇ ਦਿਨ ਰਾਤ ਉਨ੍ਹਾਂ ਦੀ ਸਹੂਲਤ ਦੇ ਹਿਸਾਬ ਨਾਲ ਦਿੱਤੀ ਜਾ ਸਕੇ।

ਪ੍ਰੋਵਿੰਸ ਵੱਲੋਂ ਵੀ ਵਾਕ ਇਨ ਦੇ ਅਧਾਰ ਉੱਤੇ ਵੈਕਸੀਨੇਸ਼ਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਸਥਾਨਕ ਵਾਸੀਆਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਇਨ੍ਹਾਂ ਫਾਰਮੇਸੀਜ਼ ਉੱਤੇ ਜਾਣ ਤੋਂ ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਉੱਥੇ ਵਾਕ ਇਨ ਵੈਕਸੀਨਜ਼ ਲਾਈਆਂ ਜਾ ਰਹੀਆਂ ਹਨ।

# ਬਰੈਂਪਟਨ ਵੈਸਟ ਤੋਂ ਨੌਮੀਨੇਸ਼ਨ ਹਾਰਨ ਤੋਂ ਬਾਅਦ ਗੁਰਦੀਪ ਕੌਰ ਨੇ ਬਰੈਂਪਟਨ ਸਿਟੀ ਦੇ ਸੰਚਾਲਕਾਂ ਉੱਤੇ ਲਾਏ ਗੰਭੀਰ ਦੋਸ਼



ਬਰੈਂਪਟਨ, 22 ਅਪਰੈਲ (ਪੋਸਟ ਬਿਊਰੋ) : ਬੀਤੇ ਬੁੱਧਵਾਰ ਬਰੈਂਪਟਨ ਵੈਸਟ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਆਪਣੇ ਮੈਂਬਰ ਪਾਰਲੀਆਮੈਂਟ ਲਈ ਉਮੀਦਵਾਰ ਵਾਸਤੇ ਨੌਮੀਨੇਸ਼ਨ ਚੋਣ ਕਰਵਾਈ ਗਈ। ਇਸ ਨੌਮੀਨੇਸ਼ਨ ਵਿੱਚ ਦੋ ਉਮੀਦਵਾਰ ਗੁਰਦੀਪ ਕੌਰ ਉਰਫ ਨਿੱਕੀ ਅਤੇ ਜਰਮੇਨ ਚੈਂਬਰ ਉਮੀਦਵਾਰ ਸਨ।

ਬੁੱਧਵਾਰ ਰਾਤੀਂ ਆਏ ਰਿਜ਼ਲਟ ਮੁਤਾਬਕ ਗੁਰਦੀਪ ਕੌਰ ਉਰਫ ਨਿੱਕੀ ਨੂੰ ਹਰਾ ਕੇ ਜਰਮੇਨ ਚੈਂਬਰ ਨੇ ਇੱਥੋਂ ਉਮੀਦਵਾਰੀ ਦੀ ਚੋਣ ਜਿੱਤ ਲਈ। ਪਿਛਲੀਆਂ ਚੋਣਾਂ ਵਿੱਚ ਵੀ ਗੁਰਦੀਪ ਕੌਰ ਵੱਲੋਂ ਇਸੇ ਹੀ ਹਲਕੇ ਤੋਂ ਉਮੀਦਵਾਰੀ ਦੀ ਚੋਣ ਲੜੀ ਗਈ ਸੀ। ਉਦੋਂ ਵੀ ਕੁੱਝ ਵੋਟਾਂ ਪਿੱਛੇ ਗੁਰਦੀਪ ਕੌਰ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਫਿਰ ਇਨ੍ਹਾਂ ਵੱਲੋਂ ਪਾਰਟੀ ਉੱਤੇ ਕੁੱਝ ਦੋਸ਼ ਲਾਏ ਗਏ। ਪਾਰਟੀ ਨੇ ਇਨ੍ਹਾਂ ਨੂੰ ਸੇਂਟ ਕੈਥਰੀਨ ਵਿਖੇ ਬਿਨਾਂ ਨੌਮੀਨੇਸ਼ਨ ਕਰਵਾਇਆਂ ਉਮੀਦਵਾਰੀ ਦੀ ਟਿਕਟ ਦੇ ਦਿੱਤੀ ਸੀ। ਇਸ ਵਾਰੀ ਇਨ੍ਹਾਂ ਨੇ ਫਿਰ ਇੱਥੋਂ ਬਰੈਂਪਟਨ ਵੈਸਟ ਤੋਂ ਚੋਣ ਲੜਨ ਦਾ ਮਨ ਬਣਾਇਆ ਤੇ ਇਸ ਵਾਰੀ ਇਹ ਸਿਰਫ 192 ਵੋਟਾਂ ਹੀ ਕੱਢ ਸਕੇ ਤੇ ਆਖਿਰਕਾਰ ਜਰਮੇਨ ਚੈਂਬਰ ਤੋਂ ਚੋਣ ਹਾਰ ਗਏ। ਬੀਤੇ ਲੱਗਭਗ ਇੱਕ ਸਾਲ ਤੋਂ ਗੁਰਦੀਪ ਕੌਰ ਸਿਟੀ ਆਫ ਬਰੈਂਪਟਨ ਦੇ ਵਿੱਚ ਬਤੌਰ ਪ੍ਰੋਜੈਕਟ ਮੈਨੇਜਰ ਦੇ ਕੰਮ ਕਰ ਰਹੀ ਹੈ ਤੇ ਉਹ ਸਿੱਧਿਆਂ ਸਿਟੀ ਐਡਮਟਿਸਟ੍ਰੇਟਿਵ ਆਫਿਸਰ ਡੇਵਿਡ ਬੈਰਿਕ ਨੂੰ ਰਿਪੋਰਟ ਕਰਦੀ ਹੈ।

ਸਿਟੀ ਦੀ ਡਾਇਰੈਕਟਰ ਵੱਲੋਂ ਸਿਟੀ ਦੇ ਚੀਫ ਐਡਮਨਿਸਟ੍ਰੇਟਿਵ ਆਫੀਸਰ ਤੇ ਹੋਰਨਾਂ ਸੀਨੀਅਰ ਸਟਾਫ ਮੈਂਬਰਾਂ ਉੱਤੇ ਭ੍ਰਿਸ਼ਟਾਚਾਰ, ਭਾਈ ਭਤੀਜਾਵਾਦ ਤੇ ਸੱਤਾ ਦੀ ਦੁਰਵਰਤੋਂ ਦੇ ਲਾਏ ਗਏ ਦੋਸ਼ਾਂ ਦੇ ਚੱਲਦਿਆਂ ਬਰੈਂਪਟਨ ਕਾਊਂਸਲ ਵੱਲੋਂ ਸਪੈਸ਼ਲ ਮੀਟਿੰਗ ਰੱਖੀ ਗਈ। ਡਾਇਰੈਕਟਰ ਆਫ ਕਾਰਪੋਰੇਟ ਪ੍ਰੋਜੈਕਟਸ ਤੇ ਲਿਏਜ਼ਾਨ ਗੁਰਦੀਪ ਕੌਰ ਨੇ ਕਾਊਂਸਲ ਦੇ ਮੈਂਬਰਾਂ ਤੇ ਮੀਡੀਆ ਆਊਟਲੈੱਟਸ ਨੂੰ ਬੈਰਿਕ ਤੇ ਹੋਰਨਾਂ ਉੱਤੇ ਲਾਏ ਦੋਸ਼ਾਂ ਸਬੰਧੀ ਈ ਮੇਲ ਭੇਜੀ। ਇਨ੍ਹਾਂ ਦੋਸ਼ਾਂ ਵਿੱਚ ਨਸਲਵਾਦ ਤੋਂ ਲੈ ਕੇ ਸਿਟੀ ਫੰਡਾਂ ਦੀ ਦੁਰਵਰਤੋਂ ਕਰਨ ਤੱਕ ਦੇ ਦੋਸ਼ ਲਾਏ ਗਏ ਹਨ।

ਇਸ ਸਬੰਧ ਵਿੱਚ ਪੁੱਛੇ ਗਏ ਸਵਾਲਾਂ ਦੇ ਜਵਾਬ ਬੈਰਿਕ ਵੱਲੋਂ ਨਹੀਂ ਦਿੱਤੇ ਗਏ। ਪਰ ਸਿਟੀ ਦੇ ਮੀਡੀਆ ਰਿਲੇਸ਼ਨਜ਼ ਡਿਪਾਰਟਮੈਂਟ ਵੱਲੋਂ ਈਮੇਲ ਭੇਜ ਕੇ ਆਖਿਆ ਗਿਆ ਕਿ ਸਿਟੀ ਦੇ ਕਰਮਚਾਰੀਆਂ ਨੂੰ ਲੈ ਕੇ ਜਿਹੜੇ ਦੋਸ਼ ਲਾਏ ਗਏ ਹਨ ਉਨ੍ਹਾਂ ਤੋਂ ਅਸੀਂ ਜਾਣੂ ਹਾਂ। ਜਿਸ ਸਬੰਧ ਵਿੱਚ ਇਹ ਦੋਸ਼ ਲਾਏ ਗਏ ਹਨ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਹਰ ਫੈਸਲਾ ਲੈਂਦਿਆਂ ਹੋਇਆਂ ਹਿਊਮਨ ਰਿਸੋਰਸਿਜ਼ ਤੇ ਪ੍ਰੋਕਿਓਰਮੈਂਟ ਪਾਲੀਸੀਜ਼ ਦਾ ਧਿਆਨ ਰੱਖਿਆ ਗਿਆ ਹੈ।

ਮੇਅਰ ਪੈਟ੍ਰਿਕ ਬ੍ਰਾਊਨ ਸਮੇਤ ਕਾਊਂਸਲ ਦੇ ਮੈਂਬਰਾਂ ਵੱਲੋਂ ਗੁਰਦੀਪ ਕੌਰ ਵੱਲੋਂ ਲਾਏ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਇਸ ਲਈ ਉਨ੍ਹਾਂ ਵੱਲੋਂ ਕਾਊਂਸਲ ਦੀ ਮੀਟਿੰਗ ਵੀ ਸੱਦੀ ਗਈ। ਕਾਊਂਸਲ ਦੇ ਕਈ ਮੈਂਬਰਾਂ ਵੱਲੋਂ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ। ਪੈਟ੍ਰਿਕ ਬ੍ਰਾਊਨ ਨੇ ਵੀ ਆਖਿਆ ਕਿ ਉਹ ਇਨ੍ਹਾਂ ਦੋਸ਼ਾਂ ਦੀ ਜਾਂਚ ਕਿਸੇ ਤੀਜੀ ਪਾਰਟੀ ਤੋਂ ਕਰਵਾ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ ਚਾਹੁੰਦੇ ਹਨ।

# ਇੰਟਰਪ੍ਰੋਵਿੰਸ਼ੀਅਲ ਬਾਰਡਰ ਕਰੌਸਿੰਗ ਉੱਤੇ 24/7 ਨਿਗਰਾਨੀ ਬੰਦ ਕਰੇਗੀ ਓਟਵਾ ਪੁਲਿਸ



ਓਟਵਾ, 22 ਅਪਰੈਲ (ਪੋਸਟ ਬਿਊਰੋ) : ਅਜੇ ਦੋ ਦਿਨ ਪਹਿਲਾਂ ਹੀ ਪੁਲਿਸ ਨੇ ਇੰਟਰਪ੍ਰੋਵਿੰਸ਼ੀਅਲ ਡਰਾਈਵਰਾਂ ਨੂੰ ਓਟਵਾ ਦੇ ਲਾਂਘੇ ਉੱਤੇ ਰੋਕਣਾ ਸ਼ੁਰੂ ਕੀਤਾ ਸੀ ਤੇ ਹੁਣ ਓਟਵਾ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਉਹ ਇਸ ਕਰੌਸਿੰਗ ਦੀ 24/7 ਨਿਗਰਾਨੀ ਨਹੀਂ ਕਰੇਗੀ।

ਪੁਲਿਸ ਨੇ ਆਖਿਆ ਕਿ ਚੰਗਾ ਇਹ ਹੋਵੇਗਾ ਕਿ ਪੁਲਿਸ ਅਧਿਕਾਰੀਆਂ ਨੂੰ ਡੇਲੀ ਬੇਸਿਜ਼ ਉੱਤੇ ਸ਼ਹਿਰ ਭਰ ਵਿੱਚ ਬਣੇ ਚੈੱਕ ਨਾਕਿਆਂ ਉੱਤੇ ਰੋਟੇਸ਼ਨ ਵਿੱਚ ਤਾਇਨਾਤ ਕੀਤਾ ਜਾਵੇ। ਇਹ ਤਬਦੀਲੀਆਂ ਉਦੋਂ ਕੀਤੀਆਂ ਗਈਆਂ ਜਦੋਂ ਓਟਵਾ ਪੁਲਿਸ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਡਰਾਈਵਰਾਂ ਨੂੰ ਪ੍ਰੋਵਿੰਸ਼ੀਅਲ ਬਾਰਡਰ ਉੱਤੇ ਰੋਕੇ ਬਿਨਾਂ ਬਾਰਡਰ ਪਾਰ ਕਰਨ ਦਿੱਤਾ। ਓਟਵਾ ਪੁਲਿਸ ਕਾਂਸਟੇਬਲ ਐਮੀ ਗੈਗਨੌਨ ਨੇ ਆਖਿਆ ਕਿ ਟਰੈਫਿਕ ਨੂੰ ਸਵੇਰ ਸਮੇਂ ਬਿਨਾਂ ਰੋਕੇ ਜਾਣ ਦਿੱਤਾ ਗਿਆ। ਜਦੋਂ ਸਵੇਰੇ ਕੰਮ ਵਾਲੇ ਸਮੇਂ ਦਾ ਰਸ਼ ਘਟਦਾ ਹੈ ਤਾਂ ਫਿਰ ਪੁਲਿਸ ਅਧਿਕਾਰੀ ਚੈੱਕ ਨਾਕਿਆਂ ਉੱਤੇ ਓਟਵਾ ਵਿੱਚ ਦਾਖਲ ਹੋਣ ਵਾਲੀਆਂ ਗੱਡੀਆਂ ਦੀ ਜਾਂਚ ਸ਼ੁਰੂ ਕਰਦੇ ਹਨ।

ਬਾਰਡਰ ਕਰੌਸਿੰਗ ਉੱਤੇ ਚੈੱਕਨਾਕੇ ਫੋਰਡ ਸਰਕਾਰ ਵੱਲੋ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਤਿਆਰ ਕੀਤੇ ਗਏ ਮਾਪਦੰਡਾਂ ਦਾ ਹਿੱਸਾ ਹਨ। ਪਰ ਮੰਗਲਵਾਰ ਤੱਕ ਪੁਲਿਸ ਕਾਰਾਂ ਨੂੰ ਬਿਨਾਂ ਰੋਕੇ ਸਰਹੱਦ ਪਾਰ ਕਰਨ ਦੇ ਰਹੀ ਸੀ। ਅਪਰੈਲ 2019 ਤੋਂ ਹਾਸਲ ਕੀਤੇ ਗਏ ਸਿਟੀ ਡਾਟਾ ਅਨੁਸਾਰ ਓਟਵਾ-ਗੈਟਿਨਿਊ ਬਾਰਡਰ ਤੋਂ ਰੋਜ਼ਾਨਾ 185,000 ਗੱਡੀਆਂ ਲੰਘਦੀਆਂ ਹਨ। ਇਨ੍ਹਾਂ ਚੈੱਕਨਾਕਿਆਂ ਨੂੰ ਪਹਿਲੇ 24 ਘੰਟਿਆਂ ਵਿੱਚ ਮੇਨਟੇਨ ਕਰਨ ਉੱਤੇ ਪੁਲਿਸ ਨੂੰ 113,000 ਡਾਲਰ ਦਾ ਖਰਚਾ ਕਰਨਾ ਪਿਆ। ਮੇਅਰ ਜਿੰਮ ਵਾਟਸਨ ਨੇ ਟਵੀਟ ਕਰਕੇ ਆਖਿਆ ਕਿ ਇਹ ਚੈੱਕਨਾਕੇ ਪੁਲਿਸ ਸਰੋਤਾਂ ਦੀ ਬਰਬਾਦੀ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਹ ਇੱਕ ਹਫਤਾ ਵੀ ਚੱਲਣ। ਪੁਲਿਸ ਚੀਫ ਪੀਟਰ ਸਲੋਲੀ ਨੇ ਆਖਿਆ ਕਿ ਇਹ ਚੈੱਕ ਨਾਕੇ ਪੁਲਿਸ ਸਰਵਿਸ ਲਈ ਬੋਝ ਹਨ। ਉਨ੍ਹਾਂ ਆਖਿਆ ਕਿ ਪੰਜ ਪੁਲਾਂ ਤੇ ਦੋ ਫੇਰੀ ਕਰੌਸਿੰਗਜ਼ ਉੱਤੇ ਨਜ਼ਰ ਰੱਖਣ ਉੱਤੇ ਹੀ ਕਈ ਵਸੀਲੇ ਖਰਚ ਹੁੰਦੇ ਹਨ। ਅਸੀਂ ਅਜੇ ਵੇਖ ਰਹੇ ਹਾਂ ਕਿ ਅਸੀਂ ਕਿਵੇਂ ਮੈਨੇਜ ਕਰਨਾ ਹੈ।

ਓਟਵਾ ਸੈਂਟਰ ਤੋਂ ਐਮਪੀਪੀ ਜੋਇਲ ਹਾਰਡਨ ਨੇ ਇਨ੍ਹਾਂ ਚੈੱਕਨਾਕਿਆਂ ਦੀ ਗੱਲ ਕਰਦਿਆਂ ਹੋਇਆਂ ਆਖਿਆ ਕਿ ਇਨ੍ਹਾਂ ਦੀ ਓਟਵਾ ਵੱਲੋਂ ਕੋਈ ਮੰਗ ਨਹੀਂ ਸੀ ਕੀਤੀ ਗਈ। ਪਰ ਸੌਲੀਸਿਟਰ ਸਿਲਵੀਆ ਜੋਨਜ਼ ਨੇ ਆਖਿਆ ਕਿ ਬਾਰਡਰ ਕਰੌਸਿੰਗ ਦੀ ਹਿਫਾਜ਼ਤ ਲਈ ਅਜਿਹਾ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ।

## ਪਾਕਿ-ਈਰਾਨ ਸਰਹੱਦ ਬੰਦ ਹੋਣ ਕਾਰਨ ਓਥੇ ਫਸੇ ਚਾਰ ਡਰਾਈਵਰਾਂ ਦੀ ਭੁੱਖ ਨਾਲ ਮੌਤ

ਮਕਰਾਨ, 22 ਅਪਰੈਲ, (ਪੋਸਟ ਬਿਊਰੋ)-ਈਰਾਨ-ਪਾਕਿਸਤਾਨ ਸਰਹੱਦ ਦੇ ਬੰਦ ਹੋਣ ਦੇ ਕਾਰਨ ਬਲੋਚਿਸਤਾਨ ਦੇ ਮਾਕਰਾਨ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਲੋਕਾਂ ਦੀ ਮੌਤ ਭੁੱਖ ਨਾਲ ਹੋਈ ਦੱਸੀ ਗਈ ਹੈ।

ਵਰਣਨ ਯੋਗ ਹੈ ਕਿ ਪਾਕਿਸਤਾਨ ਅਥਾਰਿਟੀ ਨੇ ਇਕ ਮਹੀਨਾ ਪਹਿਲਾਂ ਗਵਾਦਰ, ਤੁਬਰਤ ਤੇ ਪਾਂਜਗੁਰ ਉੱਤੇ ਈਰਾਨ ਨਾਲ ਸਰਹੱਦ ਬੰਦ ਕਰ ਦਿੱਤੀ ਅਤੇ ਈਰਾਨ ਤੋਂ ਪਾਕਿਸਤਾਨ ਆਉਣ ਵਾਲੇ ਈਰਾਨੀ ਪੈਟਰੋਲ ਅਤੇ ਡੀਜ਼ਲ ਸਮੇਤ ਸੈਂਕੜੇ ਪਿਕਅਪ ਅਤੇ ਹੋਰ ਵਾਹਨ ਬਾਰਡਰ ਉੱਤੇ ਰੋਕ ਦਿੱਤੇਸਨ। ਇਨ੍ਹਾਂ ਵਾਹਨਾਂ ਦੇ ਚਾਲਕਾਂ ਕੋਲ ਖਾਣ-ਪੀਣ ਦਾ ਕੋਈ ਸਰੋਤ ਨਾ ਹੋਣ ਕਾਰਨ ਇਨ੍ਹਾਂ ਵਿੱਚੋਂ ਚਾਰ ਡਰਾਈਵਰਾਂ ਦੀ ਮੌਤ ਹੋ ਗਈ ਹੈ, ਕਿਉਂਕਿ ਉਨ੍ਹਾਂ ਕੋਲ ਨਾ ਭੋਜਨ ਸੀ ਅਤੇ ਨਾ ਪਾਣੀ। ਉਨ੍ਹਾਂ ਡਰਾਈਵਰ ਨੇ ਸਰਕਾਰ ਨੂੰ ਇਸ ਉੱਤੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਸੈਂਕੜੇ ਲੋਕਾਂ ਨੂੰ ਇਸ ਤਰ੍ਹਾਂ ਭੁੱਖ ਨਾਲ ਮਰਨ ਤੋਂ ਬਚਾਇਆ ਜਾ ਸਕੇ।

ਡਾਨ ਅਖ਼ਬਾਰ ਦੇ ਮੁਤਾਬਕ ਸਰਹੱਦ ਉੱਤੇ ਵਾਹਨਾਂ ਦੀ ਆਵਾਜਾਈ ਅਤੇਸਰਹੱਦ ਉੱਤੇ ਵਪਾਰਦੀ ਪਾਬੰਦੀ ਦੇ ਵਿਰੁੱਧ ਸੈਂਕੜੇ ਲੋਕਾਂ ਨੇ ਗਵਾਦਰ ਵਿੱਚਪ੍ਰਦਰਸ਼ਨ ਕੀਤਾ ਅਤੇ ਰੈਲੀ ਕੱਢ ਕੇਵੱਖ-ਵੱਖ ਸੜਕਾਂ ਉੱਤੇ ਨਾਅਰੇਬਾਜ਼ੀ ਕੀਤੀ। ਰੈਲੀ ਵਿੱਚ ਸ਼ਾਮਲ ਲੋਕਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸਰਹੱਦ ਬੰਦ ਕਰਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਜੇ 23 ਅਪਰੈਲ ਤਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਮਕਰਾਨ ਵਿੱਚ ਨੈਸ਼ਨਲ ਹਾਈਵੇਅ ਬੰਦ ਕਰ ਦੇਣਗੇ। ਬਾਰਡਰ ਟਰੇਡ ਯੂਨੀਅਨ ਦੇ ਪ੍ਰਧਾਨ ਮੁਹੰਮਦ ਅਸਲਮ ਨੇ ਇਕ ਪ੍ਰੈਸ ਕਾਨਫਰੰਸ ਵਿੱਚਦੱਸਿਆ ਕਿ ਮਕਰਾਨ ਵਿੱਚ ਰਹਿਣ ਵਾਲੇ ਬਹੁਤੇ ਲੋਕਾਂ ਦੀ ਰੋਜ਼ੀ ਰੋਟੀ ਈਰਾਨ ਨਾਲ ਵਪਾਰ ਉੱਤੇ ਨਿਰਭਰ ਹੈ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਅੱਜ ਨਾਮਾ

ਹਾਲਤ ਭਾਰਤ ਦੀ ਵੱਖ ਆ ਸਾਰਿਆਂ ਤੋਂ,
ਫਸ ਗਿਆ ਭਾਵੇਂ ਸਮੁੱਚਾ ਹੈ ਜੱਗ ਮੀਆਂ।
ਵਧਦੀ ਜਾਂਦੀ ਜਦ ਵੇਖ ਲਈ ਮਹਾਂਮਾਰੀ,
ਗਈ ਬਜ਼ਾਰ ਵਿੱਚ ਅੱਗ ਹੈ ਲੱਗ ਮੀਆਂ।
ਘਰੇਲੂ ਲੋੜ ਦੀ ਹੋਈ ਹਰ ਚੀਜ਼ ਮਹਿੰਗੀ,
ਲੱਗਣ ਲੱਗੀ ਹਰ ਵਸਤ ਨੂੰ ਅੱਗ ਮੀਆਂ।
ਲੱਗੀ ਵੈਕਸਿਨ ਦੀ ਹੋਣ ਬਲੈਕ ਸੁਣਿਆ,
ਜਨਤਾ ਲੁੱਟਣ ਨੂੰ ਰੁੱਝ ਗਏ ਠੱਗ ਮੀਆਂ।
ਬਚਪਨ ਵੇਲੇ ਦਾ ਯਾਰ ਕੋਈ ਗੁਜ਼ਰ ਜਾਂਦਾ,
ਉਸ ਦੇ ਮਗਰ ਵੀ ਮਿੱਤਰ ਨਾ ਯਾਰ ਜਾਂਦਾ।
ਨਹੀਂ ਹੈ ਨਾਲ ਕੋਈ ਆਂਢ-ਗਵਾਂਢ ਤੁਰਦਾ,
ਸਿਵਿਆਂ ਤੱਕ ਨਹੀਂ ਪੂਰਾ ਪਰਵਾਰ ਜਾਂਦਾ।

**ਤੀਸ ਮਾਰ ਖਾਂ**

# 2030 ਤੱਕ ਅਸੀਂ ਗ੍ਰੀਨਹਾਊਸ ਗੈਸਾਂ ਦਾ ਰਿਸਾਅ 40 ਤੋਂ 45 ਫੀ ਸਦੀ ਤੱਕ ਘੱਟ ਕਰ ਲਵਾਂਗੇ : ਟਰੂਡੋ



ਓਟਵਾ, 22 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਵਾਅਦਾ ਕੀਤਾ ਗਿਆ ਹੈ ਕਿ ਕੈਨੇਡਾ ਅਗਲੇ ਦਹਾਕੇ ਦੇ ਅੰਦਰ ਅੰਦਰ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ 40 ਤੋਂ 45 ਫੀ ਸਦੀ ਘੱਟ ਕਰੇਗਾ। ਇਹ ਟੀਚਾ ਕੈਨੇਡਾ ਦੇ ਨੇੜਲੇ ਭਾਈਵਾਲ ਤੋਂ ਬਹੁਤ ਘੱਟ ਤਾਂਘਵਾਨ ਹੈ।

ਸਰਕਾਰ ਦਾ ਕਹਿਣਾ ਹੈ ਕਿ ਉਹ ਆਪਣੇ ਇਹ ਟੀਚੇ 2030 ਤੱਕ ਮੌਜੂਦਾ ਮਾਪਦੰਡਾਂ ਤੱਕ ਪ੍ਰਾਪਤ ਕਰ ਲੈਣਗੇ ਤੇ ਪੈਰਿਸ ਸਮਝੌਤੇ ਤਹਿਤ ਕੈਨੇਡਾ ਵੱਲੋਂ ਜਿਹੜਾ 30 ਫੀ ਸਦੀ ਦਾ ਟੀਚਾ ਪੂਰਾ ਕਰਨ ਦੀ ਕੈਨੇਡਾ ਵੱਲੋਂ ਜਿਹੜੀ ਸਹਿਮਤੀ ਦਿੱਤੀ ਗਈ ਸੀ ਉਸ ਨੂੰ ਵੀ ਪੂਰਾ ਕੀਤਾ ਜਾਵੇਗਾ। ਟਰੂਡੋ ਨੇ ਇਹ ਐਲਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ ਵਿੱਚ ਵਿਸ਼ਵ ਆਗੂਆਂ ਦੀ ਹੋਈ ਵਰਚੂਅਲ ਕਲਾਈਮੇਟ ਸਿਖਰ ਵਾਰਤਾ ਵਿੱਚ ਕੀਤਾ। ਇਸ ਦੌਰਾਨ ਬਾਇਡਨ ਨੇ 2030 ਤੱਕ ਆਪਣੇ ਦੇਸ਼ ਵਿੱਚ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ 50 ਤੋਂ 52 ਫੀ ਸਦੀ ਤੱਕ ਘਟਾਉਣ ਦਾ ਤਹੱਈਆ ਪ੍ਰਗਟਾਇਆ।

ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਸ ਸਮੇਂ ਉਨ੍ਹਾਂ ਦੀ ਮੁੱਖ ਤਰਜੀਹ ਨੋਵਲ ਕਰੋਨਾਵਾਇਰਸ ਨਾਲ ਲੜਨਾ ਹੀ ਹੈ ਪਰ ਸਾਇੰਸ ਦਾ ਕਹਿਣਾ ਹੈ ਕਿ ਕਲਾਈਮੇਟ ਚੇਂਜ ਮਨੁੱਖੀ ਹੋਂਦ ਲਈ ਖਤਰਾ ਹੈ। ਇਸ ਸਿਖਰ ਵਾਰਤਾ ਵਿੱਚ ਚੀਨ, ਭਾਰਤ, ਯੂਨਾਈਟਿਡ ਕਿੰਗਡਮ ਤੇ ਜਾਪਾਨ ਦੇ ਆਗੂਆਂ ਨੇ ਵੀ ਹਿੱਸਾ ਲਿਆ। ਟਰੂਡੋ ਨੇ ਫਰੈਂਚ ਵਿੱਚ ਆਖਿਆ ਕਿ ਸਾਹਸੀ ਕਲਾਈਮੇਟ ਨੀਤੀਆਂ ਕਾਰਨ ਹੀ ਸਾਹਸੀ ਨਤੀਜੇ ਮਿਲਦੇ ਹਨ।

# ਟੋਰਾਂਟੋ ਤੇ ਪੀਲ ਵਿੱਚ ਅਸੈਂਸ਼ੀਅਲ ਕੰਮ ਵਾਲੀਆਂ ਥਾਂਵਾਂ ਲਈ ਨਵੇਂ ਮਾਪਦੰਡ ਲਾਗੂ ਕਰਨ ਦਾ ਐਲਾਨ




ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਤੇ ਪੀਲ ਰੀਜਨ ਵੱਲੋਂ ਕੋਵਿਡ-19 ਦੀ ਤੀਜੀ ਵੇਵ ਦੌਰਾਨ ਅਸੈਂਸ਼ੀਅਲ ਕੰਮ ਵਾਲੀਆਂ ਥਾਂਵਾਂ ਲਈ ਨਵੇਂ ਮਾਪਦੰਡ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ।

ਦੋਵਾਂ ਰੀਜਨਜ਼ ਵੱਲੋਂ ਇਹ ਹੁਕਮ ਜਾਰੀ ਕੀਤੇ ਗਏ ਹਨ ਕਿ ਜਿਸ ਕਾਰੋਬਾਰੀ ਅਦਾਰੇ ਵਿੱਚ ਪਿਛਲੇ 14 ਦਿਨਾਂ ਵਿੱਚ ਵਾਇਰਸ ਦੇ ਪੰਜ ਜਾਂ ਜ਼ਿਆਦਾ ਮਾਮਲੇ ਪਾਏ ਜਾਂਦੇ ਹਨ ਉਹ ਆਰਜ਼ੀ ਤੌਰ ਉੱਤੇ ਆਪਣਾ ਕੰਮ ਕਾਜ ਬੰਦ ਕਰ ਦੇਣ। ਧਾਰਾ 22 ਤਹਿਤ ਅਪਡੇਟ ਕੀਤੇ ਗਏ ਹੁਕਮਾਂ ਤਹਿਤ ਅਜਿਹੇ ਕਾਰੋਬਾਰਾਂ ਨੂੰ ਘੱਟੋ ਘੱਟ 10 ਦਿਨ ਲਈ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ ਤੇ ਇਹ ਵੀ ਆਖਿਆ ਗਿਆ ਹੈ ਕਿ ਅਜਿਹੇ ਅਦਾਰਿਆਂ ਨੂੰ ਉਦੋਂ ਹੀ ਖੋਲ੍ਹਿਆ ਜਾਵੇ ਜਦੋਂ ਉਨ੍ਹਾਂ ਨੂੰ ਸੇਫ ਢੰਗ ਨਾਲ ਖੋਲ੍ਹਣਾ ਯਕੀਨੀ ਬਣਾ ਲਿਆ ਜਾਵੇ।

ਕੋਵਿਡ-19 ਤੋਂ ਸੰਕ੍ਰਮਿਤ ਹਰੇਕ ਕਰਮਚਾਰੀ ਨੂੰ ਸੈਲਫ ਆਈਸੋਲੇਟ ਕਰਨ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਅਜਿਹੇ ਕਰਮਚਾਰੀਆਂ ਨੂੰ ਉਦੋਂ ਤੱਕ ਕੰਮ ਨਾ ਕਰਨ ਦੇਣ ਦੇ ਵੀ ਹੁਕਮ ਹਨ ਜਦੋਂ ਤੱਕ ਉਹ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹੋ ਜਾਂਦੇ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਸਿਟੀ ਸਰਕਾਰ ਅਸੈਂਸ਼ੀਅਲ ਵਰਕਰਜ਼ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਸਿਟੀ ਆਫ ਟੋਰਾਂਟੋ ਦਾ ਕਹਿਣਾ ਹੈ ਕਿ ਕੁੱਝ ਕੰਮ ਵਾਲੀਆਂ ਥਾਂਵਾਂ, ਜਿਵੇਂ ਕਿ ਹੈਲਥ ਕੇਅਰ ਫੈਸਿਲਿਟੀਜ਼, ਸਕੂਲਜ਼,ਚਾਈਲਡ ਕੇਅਰ ਸੈਂਟਰਜ਼ ਤੇ ਕ੍ਰਿਟੀਕਲ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ ਇਨ੍ਹਾਂ ਨਵੇਂ ਨਿਯਮਾਂ ਤੋਂ ਛੋਟ ਮਿਲ ਸਕਦੀ ਹੈ।ਪੀਲ ਰੀਜਨ ਵੱਲੋਂ ਇਹ ਐਲਾਨ ਕੀਤੇ ਜਾਣ ਤੋਂ ਬਾਅਦ ਟੋਰਾਂਟੋ ਨੇ ਵੀ ਇਸ ਤਰ੍ਹਾਂ ਦੇ ਮਾਪਦੰਡਾਂ ਦਾ ਐਲਾਨ ਕਰ ਦਿੱਤਾ। ਸਿਟੀ ਦੇ ਆਲ੍ਹਾ ਡਾਕਟਰਾਂ ਦਾ ਕਹਿਣਾ ਹੈ ਕਿ ਹੁਣ ਕੋਵਿਡ-19 ਦੇ ਮਾਮਲੇ ਵੇਰੀਐਂਟਸ ਨਾਲ ਜੁੜੇ ਹੋਏ ਹਨ ਤੇ ਇਸ ਲਈ ਇਹ ਤੇਜ਼ੀ ਨਾਲ ਫੈਲ ਰਹੇ ਹਨ ਤੇ ਇਸੇ ਕਾਰਨ ਅਜਿਹਾ ਫੈਸਲਾ ਲੈਣਾ ਜ਼ਰੂਰੀ ਸੀ।

ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਦਾ ਕਹਿਣਾ ਹੈ ਕਿ ਉਹ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਇਹ ਕਦਮ ਚੁੱਕੇ ਜਾਣੇ ਜ਼ਰੂਰੀ ਸਨ।

# ਯੌਰਕ ਵਿੱਚ ਹੌਟ ਸਪੌਟਸ ਉੱਤੇ 35 ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੀ ਲੱਗ ਸਕੇਗੀ ਕੋਵਿਡ-19 ਵੈਕਸੀਨ




ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ): ਯੌਰਕ ਰੀਜਨ ਦੇ ਪੰਜ ਹੌਟ ਸਪੌਟਸ ਵਾਲੇ ਇਲਾਕਿਆਂ ਵਿੱਚ 35 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਸਿਟੀ ਵੱਲੋਂ ਚਲਾਈਆਂ ਜਾਣ ਵਾਲੀਆਂ ਮਾਸ ਵੈਕਸੀਨੇਸ਼ਨ ਸਾਈਟਸ ਉੱਤੇ ਕੋਵਿਡ-19 ਵੈਕਸੀਨੇਸ਼ਨ ਦੀ ਪਹਿਲੀ ਡੋਜ਼ ਦੇਣ ਦਾ ਫੈਸਲਾ ਕੀਤਾ ਗਿਆ ਹੈ। ਭਾਵ ਇਹ ਕਿ ਹੁਣ ਇਨ੍ਹਾਂ ਹੌਟ ਸਪੌਟਸ ਉੱਤੇ ਰਹਿਣ ਵਾਲੇ 35 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕ ਵੀ ਵੈਕਸੀਨੇਸ਼ਨ ਲਈ ਯੋਗ ਹੋਣਗੇ। ਇਸ ਦੀ ਪੁਸ਼ਟੀ ਸੋਮਵਾਰ ਨੂੰ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਇਹ ਤਰਜੀਹੀ ਪੋਸਟਲ ਕੋਡ ਐਲ 4 ਐਲ, ਐਲ 6 ਏ, ਐਲ 4 ਕੇ, ਐਲ 4 ਜੇ, ਵਾਅਨ ਵਿੱਚ ਸਥਿਤ ਹਨ ਤੇ ਐਲ 3 ਐਸ ਮਾਰਖਮ ਦਾ ਪੋਸਟਲ ਕੋਡ ਹੈ। ਯੌਰਕ ਰੀਜਨ ਦੇ ਸਾਰੇ ਵਾਸੀ ਜੋ ਕਿ 60 ਸਾਲ ਤੇ ਇਸ ਤੋਂ ਉੱਪਰ ਉਮਰ ਵਰਗ ਦੇ ਹਨ ਇਹ ਸ਼ੌਟ ਹਾਸਲ ਕਰ ਸਕਦੇ ਹਨ। ਯੌਰਕ ਰੀਜਨ ਦੇ ਡਾਇਰੈਕਟਰ ਆਫ ਕਾਰਪੋਰੇਟ ਕਮਿਊਨਿਕੇਸ਼ਨਜ਼ ਪੈਟ੍ਰਿਕ ਕੇਸੀ ਨੇ ਆਖਿਆ ਕਿ ਅੰਦਾਜ਼ਨ 20,000 ਨਵੀਆਂ ਵੈਕਸੀਨ ਅਪੁਆਇੰਟਮੈਂਟਸ ਸਵੇਰੇ 8:30 ਵਜੇ ਤੋਂ ਖੁੱਲ੍ਹਣਗੀਆਂ।

ਕੇਸੀ ਨੇ ਆਖਿਆ ਕਿ ਯੌਰਕ ਰੀਜਨ ਵਿੱਚ ਵੈਕਸੀਨ ਦੀ ਸਪਲਾਈ ਵਿੱਚ ਭਾਰੀ ਕਿੱਲਤ ਪਾਈ ਜਾ ਰਹੀ ਹੈ ਤੇ ਜਦੋਂ ਵੈਕਸੀਨ ਉਪਲਬਧ ਹੋਵੇਗੀ ਹੋਰ ਅਪੁਆਇੰਟਮੈਂਟਸ ਬੁੱਕ ਕੀਤੀਆਂ ਜਾਣਗੀਆਂ। ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਉਹ ਐਸਟ੍ਰਾਜ਼ੈਨੇਕਾ ਲਈ ਉਮਰ ਦੀ ਯੋਗਤਾ ਘਟਾ ਰਹੇ ਹਨ। ਹੁਣ ਪ੍ਰੋਵਿੰਸ ਵਿੱਚ 40 ਸਾਲ ਤੇ ਇਸ ਤੋਂ ਵੱਧ ਉਮਰ ਦਾ ਹਰ ਵਿਅਕਤੀ ਇਹ ਵੈਕਸੀਨ ਲੈ ਸਕੇਗਾ।

# ਫਲੌਇਡ ਮਾਮਲੇ ਵਿੱਚ ਸਾਬਕਾ ਪੁਲਿਸ ਅਧਿਕਾਰੀ ਦੋਸ਼ੀ ਕਰਾਰ



ਮਿਨੀਆਪੋਲਿਸ, 22 ਅਪਰੈਲ (ਪੋਸਟ ਬਿਊਰੋ) : ਸਾਬਕਾ ਮਿਨੀਆਪੋਲਿਸ ਆਫੀਸਰ ਡੈਰੇਕ ਚੌਵਿਨ ਨੂੰ ਮੰਗਲਵਾਰ ਨੂੰ ਜਾਰਜ ਫਲੌਇਡ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ।

ਚੌਵਿਨ ਉਹੀ ਪੁਲਿਸ ਅਧਿਕਾਰੀ ਹੈ ਜਿਸ ਨੇ ਸਿਆਹ ਨਸਲ ਦੇ ਫਲੌਇਡ ਦੀ ਧੌਣ ਉੱਤੇ ਗੋਡਾ ਰੱਖ ਉਸ ਨੂੰ ਜ਼ਮੀਨ ਨਾਲ ਉਦੋਂ ਤੱਕ ਨੱਪੀ ਰੱਖਿਆ ਸੀ ਜਦੋਂ ਤੱਕ ਉਸ ਨੇ ਸਾਹ ਲੈਣਾ ਬੰਦ ਨਹੀਂ ਸੀ ਕਰ ਦਿੱਤਾ। ਇਸ ਤੋਂ ਬਾਅਦ ਇਸ ਮਾਮਲੇ ਦੇ ਸਬੰਧ ਵਿੱਚ ਦੁਨੀਆਂ ਭਰ ਵਿੱਚ ਮੁਜ਼ਾਹਰੇ, ਹਿੰਸਕ ਘਟਨਾਵਾਂ ਵਾਪਰੀਆਂ। ਇਸ ਦੇ ਨਾਲ ਹੀ ਅਮਰੀਕਾ ਵਿੱਚ ਅਜੇ ਵੀ ਸਿਆਹ ਨਸਲ ਦੇ ਲੋਕਾਂ ਨਾਲ ਵਿਤਕਰਾ ਹੁੰਦਾ ਹੈ ਇਹ ਚਰਚਾ ਵੀ ਛਿੜ ਗਈ।

45 ਸਾਲਾ ਚੌਵਿਨ ਨੂੰ ਕਈ ਦਹਾਕਿਆਂ ਤੱਕ ਜੇਲ੍ਹ ਭੇਜਿਆ ਜਾ ਸਕਦਾ ਹੈ।ਇਸ ਫੈਸਲੇ ਨਾਲ ਸ਼ਹਿਰ ਭਰ ਵਿੱਚ ਖੁਸ਼ੀ ਦਾ ਮਾਹੌਲ ਹੈ। ਲੋਕ ਇਹ ਫੈਸਲਾ ਸੁਣਨ ਤੋਂ ਤੁਰੰਤ ਬਾਅਦ ਹੀ ਡਾਊਨਟਾਊਨ ਨਾਲ ਲੱਗਦੀਆਂ ਸੜਕਾਂ ਉੱਤੇ ਉਤਰ ਆਏ, ਕਈਆਂ ਦੇ ਹੱਥਾਂ ਵਿੱਚ ਬੈਨਰਜ਼ ਵੀ ਸਨ।ਫਲੌਇਡ ਦੇ ਪਰਿਵਾਰਕ ਮੈਂਬਰ ਮਿਨੀਆਪੋਲਿਸ ਕਾਨਫਰੰਸ ਰੂਮ ਵਿੱਚ ਇੱਕਠੇ ਹੋਏ ਤੇ ਉਨਾਂ ਨੂੰ ਖੁਸ਼ ਹੁੰਦਿਆਂ ਤੇ ਹੱਸਦਿਆਂ ਵੇਖਿਆ ਗਿਆ।

ਫਲੌਇਡ ਪਰਿਵਾਰ ਦੇ ਅਟਾਰਨੀ ਬੈਨ ਕ੍ਰੰਪ ਨੇ ਆਖਿਆ ਕਿ ਇਹ ਗੈਰ ਮਨੁੱਖਤਾ ਉੱਤੇ ਮਨੁੱਖਤਾ ਦੀ ਜਿੱਤਾ ਹੈ। ਬੇਇਨਸਾਫੀ ਉੱਤੇ ਇਨਸਾਫ ਦੀ ਜਿੱਤ ਹੈ।







# ਕੋਰੋਨਾ ਨਾਲ ਵਿਗੜੇ ਹਾਲਾਤ ਕਾਰਨ ਦੂਸਰੇ ਦੇਸ਼ਾਂ ਦੇ ਆਗੂ ਭਾਰਤ ਦੇ ਦੌਰੇ ਰੱਦ ਕਰਨ ਲੱਗੇ

*** ਬ੍ਰਿਟਿਸ਼ ਤੇ ਜਾਪਾਨੀ ਪ੍ਰਧਾਨ ਮੰਤਰੀ ਪਿੱਛੋਂ ਰੂਸ ਦੇ ਲੀਡਰ ਦੀ ਨਾਂਹ * ਕਈ ਦੇਸ਼ਾਂ ਵੱਲੋਂ ਭਾਰਤ ਵੱਲ ਫਲਾਈਟਾਂ ਸਸਪੈਂਡ**

ਨਵੀਂ ਦਿੱਲੀ, 22 ਅਪਰੈਲ, (ਪੋਸਟ ਬਿਊਰੋ)- ਭਾਰਤ ਵਿਚ ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਨੇ ਜਿਸ ਤਰ੍ਹਾਂ ਇਸ ਵੇਲੇ ਤਬਾਹੀ ਮਚਾਈ ਹੋਈ ਹੈ, ਇਸ ਕਾਰਨ ਕਈ ਦੇਸ਼ਾਂ ਨੇ ਆਪਣੇ ਨਾਗਰਿਕਾਂ ਲਈ ਭਾਰਤ ਯਾਤਰਾ ਨਾ ਕਰਨ ਲਈ ਐਡਵਾਈਜ਼ਰੀ ਜਾਰੀ ਕੀਤੀ ਅਤੇ ਕਈਆਂ ਨੇ ਭਾਰਤੀ ਨਾਗਰਿਕਾਂ ਦੇ ਆਪਣੇ ਦੇਸ਼ਾਂ ਵਿਚ ਆਉਣ ਲਈ ਅਣਮਿੱਥੇ ਸਮੇਂ ਦੀ ਪਾਬੰਦੀ ਲਾ ਦਿੱਤੀ ਹੈ। ਇਹੀ ਨਹੀਂ, ਵਿਦੇਸ਼ੀ ਲੀਡਰ ਵੀ ਭਾਰਤ ਦੌਰੇ ਰੱਦ ਕਰਨ ਲੱਗ ਪਏ ਹਨ।

ਤਾਜ਼ਾ ਸੂਚਨਾ ਮੁਤਾਬਕ ਰੂਸ ਦੇ ਡਿਪਟੀ ਪ੍ਰਧਾਨ ਮੰਤਰੀ ਯੂਰੀ ਬੋਰੀਸੋਵ ਨੇ ਵੀ ਆਪਣਾ ਭਾਰਤ ਦੌਰਾ ਰੱਦ ਕਰ ਦਿੱਤਾ ਹੈ।ਉਨ੍ਹਾਂ ਨੇ ਇਸ ਮਹੀਨੇ ਦੇ ਅਖੀਰ ਵਿਚ ਭਾਰਤ-ਰੂਸ ਵਪਾਰ, ਆਰਥਿਕ-ਸੱਭਿਆਚਾਰਕ ਅਤੇ ਵਿਗਿਆਨਕ ਸਹਿਯੋਗ ਲਈ ਭਾਰਤ ਦਾ ਦੌਰਾ ਕਰਨਾ ਸੀ। ਉਨ੍ਹਾ ਤੋਂ ਪਹਿਲਾਂ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਤੇ ਜਾਪਾਨ ਦੇਪ੍ਰਧਾਨ ਮੰਤਰੀ ਯੋਸ਼ੀਹੀਦੇ ਸੁਗਾ ਨੇ ਆਪਣਾ ਭਾਰਤ ਦੌਰਾ ਰੱਦ ਕੀਤਾ ਸੀ।











# ਸੰਪਾਦਕੀ

## ਕੋਰੋਨਾ ਵਾਇਰਸ ਸਾਹਵੇਂ ਡਿੱਗਦੀਆਂ ਹੱਦਬੰਦੀਆਂ ਅਤੇ ਉੱਸਰਦੀਆਂ ਕੰਧਾਂ

ਕੱਲ ਫੈਡਰਲ ਸਰਕਾਰ ਨੇ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਫਲਾਈਟਾਂ ਉੱਤੇ ਅਸਥਾਈ ਰੂਪ ਵਿੱਚ ਰੋਕ ਲਾਉਣ ਦਾ ਐਲਾਨ ਕੀਤਾ ਹੈ। ਇਹ ਦੋਵੇਂ ਮੁਲਕ ਕੋਰੋਨਾ ਦੇ ਬਦਲਵੇਂ ਰੂਪ ਤੋਂ ਉਤਪਤ ਸਥਿਤੀ ਤੋਂ ਪੀੜਤ ਹਨ। ਖ਼ਬਰ ਹੈ ਕਿ ਭਾਰਤ ਵਿੱਚ ਪਾਏ ਗਏ ਜਾ ਰਹੇ ਕੋਵਿਡ-19 ਦੇ ਦੂਹਰੇ ਬਦਲਵੇਂ ਰੂਪ (Double mutant variant of Covid 19) ਦੇ ਕੈਨੇਡਾ ਪੁੱਜ ਜਾਣ ਦੀ ਪੁਸ਼ਟੀ ਹੋਣਾ ਇਸ ਫੈਸਲੇ ਦਾ ਕਾਰਣ ਹੈ। B.1.617. ਨਾਮਕ ਕੋਵਿਡ 19 ਦੇ ਇਸ ਬਦਲਵੇਂ ਰੂਪ ਦੇ ਕੱਲ ਬ੍ਰਿਟਿਸ਼ ਕੋਲੰਬੀਆ ਵਿੱਚ 39 ਕੇਸ ਰਿਪੋਰਟ ਕੀਤੇ ਗਏ ਸਨ। ਹਾਲਾਂਕਿ ਛੂਤਛਾਤ ਰੋਗਾਂ ਦੇ ਮਾਹਰਾਂ ਨੇ ਇਸ ਬਦਲਵੇਂ ਰੂਪ ਨੂੰ ਹਾਲੇ variant of concern ਕਰਾਰ ਨਹੀਂ ਦਿੱਤਾ ਹੈ ਪਰ ਚਾਰੇ ਪਾਸਿਓਂ ਪਏ ਦਬਾਅ ਤੋਂ ਬਾਅਦ ਭਾਰਤ ਪਾਕਿਸਤਾਨ ਤੋਂ ਆਉਣ ਵਾਲੀਆਂ ਫਲਾਈਟਾਂ ਬੰਦ ਕੀਤੀਆਂ ਗਈਆਂ ਹਨ। ਉਂਝ ਕੈਨੇਡਾ ਵਿੱਚ ਪਾਏ ਜਾਂਦੇ ਦੋ ਖਤਰਨਾਕ ਬਦਲਵੇਂ ਰੂਪ B.1.1.7 ਅਤੇ P.1 ਹਨ ਜਿਹਨਾਂ ਦੇ 73,000 ਐਕਟਿਵ ਕੇਸ ਹਨ।

ਕੋਰੋਨਾ ਵਾਇਰਸ ਵੱਲੋਂ ਢਾਹੇ ਜਾ ਰਹੇ ਕਹਿਰ ਦੇ ਸਨਮੁਖ ਸਮੁੱਚੇ ਵਿਸ਼ਵ ਦੀਆਂ ਸਰਕਾਰਾਂ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ ਅਤੇ ਕੈਨੇਡਾ ਵੀ ਇਸਦਾ ਅਪਵਾਦ ਨਹੀਂ ਹੈ। ਸਾਡੇ ਮੁਲਕ ਵਿੱਚ ਪਿਛਲੇ ਸਾਲ ਤੋਂ 1.16 ਮਿਲੀਅਨ ਕੋਰੋਨਾ ਕੇਸ ਹੋ ਚੁੱਕੇ ਹਨ। ਸਾਡੇ ਨੇਤਾਵਾਂ ਲਈ ਨਵੀਂ ਚੁਣੌਤੀ ਇਸ ਮਹਾਂਮਾਰੀ ਦੇ ਬਦਲਵੇਂ ਰੂਪਾਂ ਨਾਲ ਦੋ ਹੱਥ ਚਾਰ ਕਰਨਾ ਹੈ। ਪਰ ਲੋੜ ਚੁੱਕੇ ਜਾ ਰਹੇ ਕਦਮਾਂ ਦੀ ਸਿਆਸੀ ਨਜ਼ਰੀਏ ਤੋਂ ਪੜਚੋਲ ਕਰਨ ਦੀ ਥਾਂ ਸਮੁੱਚਤਾ ਨਾਲ ਵੇਖਣ ਦੀ ਹੈ। ਮਿਸਾਲ ਵਜੋਂ ਇੱਕ ਪਾਸੇ ਫੈਡਰਲ ਸਰਕਾਰ ਉੱਤੇ ਅੰਤਰਰਾਸ਼ਟਰੀ ਬਾਰਡਰ ਬੰਦ ਕਰਨ ਵਾਸਤੇ ਚਾਰੇ ਪਾਸੇ ਤੋਂ ਜੋਰ ਪਾਇਆ ਜਾ ਰਿਹਾ ਸੀ ਜੋ ਜਰੂਰੀ ਵੀ ਸੀ। ਦੂਜੇ ਪਾਸੇ ਉਂਟੇਰੀਓ ਦੇ ਪ੍ਰੀਮੀਅਰ ਵੱਲੋਂ ਖੇਡ ਗਰਾਉਂਡਾਂ ਨੂੰ ਬੰਦ ਕਰਨ ਅਤੇ ਗੈਰ ਜਰੂਰੀ ਵਾਹਨਾਂ ਵਿੱਚ ਘੁੰਮਣ ਵਾਲਿਆਂ ਉੱਤੇ ਪੁਲੀਸ ਨਿਗਰਾਨੀ ਦੇ ਹੁਕਮਾਂ ਦਾ ਅਜਿਹਾ ਵਿਰੋਧ ਹੋਇਆ ਕਿ ਕੱਲ ਉਸਨੂੰ ਅੱਥਰੂ ਕੇਰ ਕੇ ਮੁਆਫੀ ਮੰਗਣੀ ਪਈ। ਇਹ ਦੋਹਰੀ ਪਹੁੰਚ ਕਿਸ ਸੋਚ ਦੀ ਲਖਾਇਕ ਹੈ?

ਕੀ ਜ਼ੁਬਾਨ ਨੂੰ ਦੰਦਾਂ ਹੇਠ ਰੱਖ ਕਿ ਪੁੱਛਿਆ ਜਾ ਸਕਦਾ ਹੈ ਕਿ ਪਿਛਲੇ ਸਾਲ ਬਰੈਂਪਟਨ ਮਿਸੀਸਾਗਾ ਦੀਆਂ ਕੁੱਝ ਖੇਡ ਗਰਾਉਂਡਾਂ ਵਿੱਚ ਖੇਡਣ ਵਾਲੇ ਸਾਊਥ ਏਸ਼ੀਅਨ ਯੁਵਕਾਂ ਨੂੰ ਖਲਨਾਇਕ ਗਰਦਾਨਣ ਵਾਲੇ ਅਤੇ ਪੁਲੀਸ ਵੱਲੋਂ ਹਜ਼ਾਰਾਂ ਡਾਲਰਾਂ ਦੀਆਂ ਟਿਕਟਾਂ ਦੇਣ ਦੀਆਂ ਖਬਰਾਂ ਨੂੰ ਦੇਸ਼ ਭਗਤੀ ਦੱਸਣ ਵਾਲੇ ਕੌਣ ਸਨ? ਸਾਇੰਸਦਾਨਾਂ ਕੋਲੋਂ ਤਾਂ ਇਹ ਸੁਨਣ ਨੂੰ ਮਿਲਦਾ ਹੈ ਕਿ ਕੋਵਿਡ-19 ਰੰਗ ਰੂਪ, ਦੇਸ਼, ਭੇਸ ਭੂਸਾ ਵੇਖ ਕੇ ਹਮਲਾ ਨਹੀਂ ਕਰਦਾ। ਕੀ ਸਾਇੰਸਦਾਨਾਂ ਜਾਂ ਸੋਸ਼ਲ ਸਾਇੰਸਦਾਨਾਂ ਕੋਲ ਇਸ ਗੱਲ ਦਾ ਜਵਾਬ ਹੈ ਕਿ ਕੋਵਿਡ-19 ਦੇ ਸ਼ਿਕਾਰ ਲੋਕਾਂ ਨੂੰ ਨਸਲ ਅਤੇ ਰੰਗ ਦੇ ਆਧਾਰ ਉੱਤੇ ਵਿਤਕਰਾ ਕਿਉਂ ਸਹਿਣਾ ਪੈਂਦਾ ਹੈ?

ਬਰੈਂਪਟਨ ਅਤੇ ਮਿਸੀਸਾਗਾ ਦੇ ਸਾਊਥ ਏਸ਼ੀਅਨ ਭਾਈਚਾਰੇ ਨੂੰ ਪਿਛਲੇ ਇੱਕ ਸਾਲ ਤੋਂ ਜਿਸ ਕਦਰ ਚਾਰੇ ਪਾਸਿਓਂ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪੈਂਦਾ ਰਿਹਾ ਹੈ, ਉਹ ਕੋਈ ਲੁਕਵੀਂ ਗੱਲ ਨਹੀਂ ਹੈ। ਹੁਣ ਭਾਰਤ ਤੋਂ ਆਉਣ ਵਾਲੀਆਂ ਫਲਾਈਟਾਂ ਦੇ ਬੰਦ ਹੋਣ ਤੋਂ ਬਾਅਦ ਨਸਲੀ ਟਿੱਪਣੀਆਂ ਦੀ ਗਿਣਤੀ ਦੇ ਹੋਰ ਵੱਧ ਜਾਣ ਦੀ ਸੰਭਾਵਨਾ ਹੋਰ ਵੱਧ ਗਈ ਹੈ। ਇਸ ਤੱਥ ਨੂੰ ਤਾਂ ਫਲਾਈਟਾਂ ਬੰਦ ਕਰਨ ਦਾ ਹੁਕਮ ਕਰਨ ਵੇਲੇ ਫੈਡਰਲ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਖੁਦ ਵੀ ਕਬੂਲ ਕੀਤਾ ਹੈ।

ਨਸਲਵਾਦ ਬਾਰੇ ਸ਼ੰਕਾ ਖੜਾ ਕਰਨ ਪਿੱਛੇ ਭਾਰਤ ਜਾਂ ਪਾਕਿਸਤਾਨ ਵਿੱਚ ਕੋਵਿਡ 19 ਦੀ ਬੇਹੱਦ ਫਿਕਰਮੰਦ ਸਥਿਤੀ ਅਤੇ ਉਸਤੋਂ ਪੈਦਾ ਹੋਣ ਵਾਲੇ ਖਤਰੇ ਤੋਂ ਅੱਖਾਂ ਮੀਟਣਾ ਨਹੀਂ ਹੈ। ਉਹਨਾਂ ਮੁਲਕਾਂ ਖਾਸਕਰਕੇ ਭਾਰਤ ਵਿੱਚ ਕਈ ਸ਼ਹਿਰਾਂ ਵਿੱਚ ਮਰਨ ਵਾਲਿਆਂ ਨੂੰ ਦਫਨਾਉਣ ਜਾਂ ਸੰਸਕਾਰ ਦੇ ਪ੍ਰਬੰਧ ਵੀ ਪੂਰੇ ਨਹੀਂ ਹੋ ਰਹੇ, ਇਲਾਜ ਤਾਂ ਇੱਕ ਪਾਸੇ ਰਿਹਾ। ਸੋ ਸੁਆਲ ਫਲਾਈਟਾਂ ਬੰਦ ਕਰਨ ਦੇ ਫੈਸਲੇ ਉੱਤੇ ਨਹੀਂ ਹੈ ਸਗੋਂ ਸੁਆਲ ਸਮੁੱਚਤਾ ਦੀ ਘਾਟ ਉੱਤੇ ਉੱਠਦਾ ਹੈ।

ਸਰਕਾਰੀ ਅੰਕੜੇ ਦੱਸਦੇ ਹਨ ਕਿ 5 ਅਪਰੈਲ ਤੋਂ 17 ਅਪਰੈਲ ਦਰਮਿਆਨ ਭਾਰਤ ਤੋਂ 29 ਫਲਾਈਟਾਂ ਆਈਆਂ ਜਿਹਨਾਂ ਵਿੱਚ ਘੱਟੋ ਘੱਟ ਇੱਕ ਪਾਜ਼ਿਟਿਵ ਕੋਰੋਨਾ ਦਾ ਕੇਸ ਜਰੂਰ ਪਾਇਆ ਗਿਆ। ਦਿਲਚਸਪ ਗੱਲ ਇਹ ਕਿ ਇਸ ਅਰਸੇ ਦੌਰਾਨ 23 ਫਲਾਈਟਾਂ ਯੂਰਪ ਤੋਂ ਅਤੇ 22 ਅਮਰੀਕਾ ਤੋਂ ਕੈਨੇਡਾ ਆਈਆਂ ਅਤੇ ਇਹਨਾਂ ਸਾਰੀਆਂ ਵਿੱਚ ਵੀ ਕੋਵਿਡ ਪਾਜ਼ਿਟਿਵ ਯਾਤਰੀ ਪਾਏ ਗਏ। ਜੇ ਗੱਲ ਕੈਨੇਡੀਅਨਾਂ ਦੀ ਸੁਰੱਖਿਆ ਹੈ ਤਾਂ ਦੋ ਸੁਆਲਾਂ ਦੇ ਜਵਾਬ ਪੁੱਛੇ ਜਾਣੇ ਬਣਦੇ ਹਨ।

ਪਹਿਲਾ ਸੁਆਲ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਕੋਵਿਡ-19 ਬਾਰੇ ਮਾਡਲ ਤਿਆਰ ਕਰਨ ਦੇ ਮਾਹਰ ਕੈਰੋਲਿਨ ਕੋਲੀਜਿਨ ਦਾ ਹੈ। ਉਹ ਪੁੱਛਦਾ ਹੈ ਕਿ ਭਾਰਤ ਜਾਂ ਹੋਰ ਦੇਸ਼ਾਂ ਤੋਂ ਆਉਣ ਵਾਲੀਆਂ ਫਲਾਈਟਾਂ ਨੂੰ ਸਮੇਂ ਸਿਰ ਭਾਵ ਅੱਜ ਤੋਂ ਕੁੱਝ ਹਫਤੇ ਪਹਿਲਾਂ ਬੰਦ ਕਿਉਂ ਨਾ ਕੀਤਾ ਗਿਆ? ਦੂਜਾ ਸੁਆਲ ਯੂਨੀਵਰਸਿਟੀ ਆਫ ਓਟਾਵਾ ਦੇ ਮਹਾਮਾਰੀਆਂ ਬਾਰੇ ਮਾਹਰ ਜਾਣਕਾਰੀ ਰੱਖਣ ਵਾਲੇ ਪ੍ਰੋਫੈਸਰ ਰੇਅਵਤ ਦੀਓਨੰਦਨ ਦਾ ਹੈ। ਉਸਦਾ ਪੁੱਛਣਾ ਹੈ ਕਿ ਭਾਰਤ ਪਾਕਿਸਤਾਨ ਦੇ ਨਾਲ ਨਾਲ ਯੂਰਪ ਅਤੇ ਅਮਰੀਕਾ ਆਦਿ ਤੋਂ ਆਉਣ ਵਾਲੀਆਂ ਫਲਾਈਟਾਂ ਨੂੰ ਬੰਦ ਨਾ ਕਰਨਾ ਚੰਗਾ ਫੈਸਲਾ ਕਿਵੇਂ ਹੈ?

ਵਿਸ਼ੇਸ਼ੱਗਾਂ ਦੀ ਗੱਲ ਤਾਂ ਸਹੀ ਹੋਵੇਗੀ ਹੀ ਪਰ ਆਮ ਵਿਅਕਤੀ ਦਾ ਸੁਆਲ ਤਾਂ ਸਿਰਫ਼ ਇਹ ਹੈ ਕਿ ਕੋਵਿਡ-19 ਐਨਾ ਕਿੰਨਾ ਸਿਆਣਾ ਕਿਵੇਂ ਹੋ ਗਿਆ ਜੋ ਭਾਰਤੀਆਂ ਪਾਕਿਸਤਾਨੀਆਂ ਦੀ ਪਿੱਠ ਚੜ ਕੇ ਤਾਂ ਆ ਜਾਂਦਾ ਹੈ ਪਰ ਹੋਰਾਂ ਥਾਵਾਂ ਵਾਲਿਆਂ ਨੂੰ ਬਖਸ਼ ਦੇਂਦਾ ਹੈ? ਕਿਤੇ ਕੋਵਿਡ ਵੀ ਨਸਲਵਾਦ ਦੀ ਬਿਮਾਰੀ ਨੂੰ ਲੈ ਕੇ ਹੀ ਤਾਂ ਨਹੀਂ ਸੀ ਜਨਮਿਆ?

## ਮਹਾਂਮਾਰੀ ਨਾਲ ਸਿੱਝਣ ਲਈ ਕੋਈ ਹੱਲ ਲੱਭਣ ਵਾਸਤੇ ਸੱਦੀ ਸਰਬ ਪਾਰਟੀ ਹੰਗਾਮੀ ਬਹਿਸ ਤੁਹਮਤਬਾਜ਼ੀ ਵਿੱਚ ਬਦਲੀ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਨਾਲ ਸਿੱਝਣ ਲਈ ਸਾਰੀਆਂ ਪਾਰਟੀਆਂ ਦੀ ਸੱਦੀ ਗਈ ਇੱਕ ਹੰਗਾਮੀ ਪਾਰਲੀਆਮੈਂਟਰੀ ਬਹਿਸ ਅਖੀਰ ਵਿੱਚ ਤੁਹਮਤਬਾਜ਼ੀ ਵਿੱਚ ਬਦਲ ਗਈ। ਇਸ ਬਹਿਸ ਵਿੱਚ ਆਪਸੀ ਸਹਿਯੋਗ ਨਾਲ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਣੀ ਸੀ ਪਰ ਮਸਲਾ ਹੋਰ ਹੀ ਕੁੱਝ ਬਣ ਗਿਆ।



ਗ੍ਰੀਨ ਪਾਰਟੀ ਦੀ ਸੀਨੀਅਰ ਐਮਪੀ ਐਲਿਜ਼ਾਬੈੱਥ ਮੇਅ ਵੱਲੋਂ ਇਸ ਬਹਿਸ ਲਈ ਬੇਨਤੀ ਕੀਤੀ ਗਈ ਸੀ। ਮੇਅ ਨੇ ਆਖਿਆ ਸੀ ਕਿ ਕੋਵਿਡ-19 ਦੇ ਬਹੁਤ ਹੀ ਘਾਤਕ ਵੇਰੀਐਂਟਸ ਜੰਗਲ ਦੀ ਅੱਗ ਵਾਂਗ ਫੈਲ ਰਹੇ ਹਨ ਤੇ ਅਜਿਹੇ ਵਿੱਚ ਸਾਰੇ ਸਿਆਸਤਦਾਨਾਂ ਨੂੰ ਰਲ ਕੇ ਇਹ ਹੱਲ ਕੱਢਣਾ ਚਾਹੀਦਾ ਹੈ ਕਿ ਇਸ ਨੂੰ ਕਿਵੇਂ ਰੋਕਿਆ ਜਾਵੇ। ਉਨ੍ਹਾਂ ਆਖਿਆ ਕਿ ਸੰਕਟ ਦੀ ਇਸ ਘੜੀ ਵਿੱਚ ਸਾਨੂੰ ਇੱਕ ਦੂਜੇ ਉੱਤੇ ਦੂਸ਼ਣ ਲਾਉਣ ਦੀ ਥਾਂ ਇਹ ਸੋਚਣਾ ਚਾਹੀਦਾ ਹੈ ਕਿ ਮਹਾਂਮਾਰੀ ਕਾਰਨ ਕੌਮੀ ਪੱਧਰ ਉੱਤੇ ਤਾਲਮੇਲ ਬਿਠਾ ਕੇ ਇੱਕ ਸਾਂਝੀ ਪਹੁੰਚ ਕਿਵੇਂ ਅਪਣਾਈ ਜਾਵੇ ਤਾਂ ਕਿ ਅਸੀਂ ਮਹਾਂਮਾਰੀ ਨੂੰ ਹਰਾ ਸਕੀਏ।

ਗ੍ਰੀਨ ਪਾਰਟੀ ਦੇ ਐਮਪੀ ਪਾਲ ਮੈਨਲੀ ਤੇ ਐਨਡੀਪੀ ਦੇ ਐਮਪੀ ਡੌਨ ਡੇਵੀਜ਼ ਨੇ ਸਲਾਹ ਦਿੱਤੀ ਕਿ ਐਮਰਜੰਸੀ ਐਕਟ ਲਾਗੂ ਕਰਨ ਦਾ ਸਮਾਂ ਆ ਗਿਆ ਹੈ। ਇਸ ਨਾਲ ਫੈਡਰਲ ਸਰਕਾਰ ਇੰਟਰਪ੍ਰੋਵਿੰਸ਼ੀਅਲ ਟਰੈਵਲ ਨੂੰ ਬੰਦ ਕਰਨ, ਕੋਵਿਡ-19 ਵੇਰੀਐਂਟਸ ਦੀ ਬਹੁਤਾਤ ਵਾਲੇ ਇਲਾਕਿਆਂ ਵਿੱਚ ਲਾਕਡਾਊਨ ਲਾਉਣ, ਹਸਪਤਾਲ ਕਾਇਮ ਕਰਨ ਤੇ ਐਮਰਜੰਸੀ ਸਿੱਕ ਬੈਨੇਫਿਟਸ ਦੇਣ ਦੇ ਸਮਰੱਥ ਹੋ ਜਾਵੇਗੀ ਤੇ ਉਸ ਨੂੰ ਅਜਿਹੇ ਫੈਸਲੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਰਕਾਰਾਂ ਉੱਤੇ ਨਹੀਂ ਸੁੱਟਣੇ ਪੈਣਗੇ।

ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਓਨਟਾਰੀਓ ਵਰਗੀਆਂ ਸੱਭ ਤੋਂ ਵੱਧ ਮਾਰ ਝੱਲ ਰਹੀਆਂ ਪ੍ਰੋਵਿੰਸਾਂ ਦੀ ਮਦਦ ਲਈ ਫੈਡਰਲ ਸਰਕਾਰ ਨੂੰ ਐਮਰਜੰਸੀ ਐਕਟ ਦੀ ਲੋੜ ਨਹੀਂ ਹੈ। ਹਾਜ਼ਦੂ ਨੇ ਆਖਿਆ ਕਿ ਅਸੀਂ ਪਹਿਲਾਂ ਹੀ ਫੀਲਡ ਹਸਪਤਾਲ ਕਾਇਮ ਕਰ ਚੁੱਕੇ ਹਾਂ ਤੇ ਸਿੱਕਨੈੱਸ ਬੈਨੇਫਿਟ ਵੀ ਦਿੱਤਾ ਜਾ ਰਿਹਾ ਹੈ। ਇਸ ਦੌਰਾਨ ਕੰਜ਼ਰਵੇਟਿਵਾਂ ਤੇ ਬਲਾਕ ਕਿਊਬਿਕੁਆ ਐਮਪੀਜ਼ ਨੇ ਲਿਬਰਲ ਸਰਕਾਰ ਵੱਲੋਂ ਲਏ ਕੁੱਝ ਫੈਸਲਿਆਂ ਉੱਤੇ ਕਿੰਤੂ ਕੀਤਾ।

ਕੰਜ਼ਰਵੇਟਿਵਾਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਵਿਡ-19 ਦੀ ਤੀਜੀ ਵੇਵ ਲਈ ਜਨਵਰੀ ਤੇ ਫਰਵਰੀ ਵਿੱਚ ਹੀ ਵੈਕਸੀਨ ਦੀ ਸਥਿਰ ਸਪਲਾਈ ਸੁਰੱਖਿਅਤ ਕਰਨ ਵਿੱਚ ਅਸਫਲ ਰਹੇ। ਕੰਜ਼ਰਵੇਟਿਵ ਐਮਪੀ ਜੌਹਨ ਬਾਰਲੋਅ ਨੇ ਆਖਿਆ ਕਿ ਸਿਰਫ ਦੋ ਫੀ ਸਦੀ ਕੈਨੇਡੀਅਨਾਂ ਨੂੰ ਹੀ ਅਜੇ ਕੋਵਿਡ-19 ਦੀਆਂ ਦੋ ਡੋਜ਼ਾਂ ਲਾਈਆਂ ਗਈਆਂ ਹਨ ਜਦਕਿ ਅਮਰੀਕਾ ਵਿੱਚ 30 ਫੀ ਸਦੀ ਦੇ ਨੇੜੇ ਤੇੜੇ ਲੋਕਾਂ ਨੂੰ ਦੋ ਡੋਜ਼ਾਂ ਹਾਸਲ ਹੋ ਚੁੱਕੀਆਂ ਹਨ। ਉਨ੍ਹਾਂ ਆਖਿਆ ਕਿ ਸਰਕਾਰ ਹੋਰਨਾਂ ਦੇਸ਼ਾਂ ਨਾਲੋਂ ਵੈਕਸੀਨ ਖਰੀਦਣ ਲਈ ਦੁੱਗਣੀ ਤਿੱਗਣੀ ਕੀਮਤ ਅਦਾ ਕਰ ਰਹੀ ਹੈ ਪਰ ਇਸ ਲਈ ਸਾਨੂੰ ਫਿਰ ਵੀ ਬਿਹਤਰੀਨ ਸੇਵਾਵਾਂ ਨਹੀਂ ਮਿਲ ਰਹੀਆਂ। ਇਸ ਤੋਂ ਇਲਾਵਾ ਕੈਨੇਡਾ ਵਿੱਚ ਹੀ ਪਹਿਲੀ ਤੇ ਦੂਜੀ ਡੋਜ਼ ਵਿੱਚ ਚਾਰ ਮਹੀਨੇ ਦਾ ਫਰਕ ਰੱਖਣ ਲਈ ਵੀ ਆਖਿਆ ਜਾ ਰਿਹਾ ਹੈ।

ਇਹ ਗੱਲਾਂ ਸਵੀਕਾਰਯੋਗ ਨਹੀਂ ਹੈ ਤੇ ਇਹ ਫੈਸਲੇ ਮਾੜੀ ਲੀਡਰਸ਼ਿਪ ਦਰਸਾਉਂਦੇ ਹਨ। ਫੈਡਰਲ ਸਰਕਾਰ ਨੂੰ ਕੈਨੇਡੀਅਨਾਂ ਤੋਂ ਮੁਆਫੀ ਮੰਗਣੀ ਹੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਕਮੀਆਂ ਦਾ ਖਮਿਆਜਾ ਕੈਨੇਡੀਅਨਾਂ ਨੂੰ ਭੁਗਤਣਾ ਪੈ ਰਿਹਾ ਹੈ। ਬਲਾਕ ਕਿਊਬਿਕੁਆ ਦੇ ਕੁੱਝ ਐਮਪੀਜ਼ ਨੇ ਵੀ ਉਨ੍ਹਾਂ ਦੇ ਸੁਰ ਵਿੱਚ ਸੁਰ ਮਿਲਾਇਆ। ਪ੍ਰਿੰਸ ਐਡਵਰਡ ਆਈਲੈਂਡ ਤੋਂ ਲਿਬਰਲ ਐਮਪੀ ਵੇਅਨ ਈਸਟਰ ਨੇ ਆਖਿਆ ਕਿ ਬਹਿਸ ਨੇ ਜਿਹੜਾ ਰੁਖ ਲੈ ਲਿਆ ਉਹ ਬਹੁਤ ਹੀ ਮੰਦਭਾਗਾ ਸੀ ਤੇ ਉਨ੍ਹਾਂ ਵਿਰੋਧੀ ਧਿਰਾਂ ਉੱਤੇ ਗਲਤ ਜਾਣਕਾਰੀ ਨੂੰ ਹਵਾ ਦੇਣ ਦਾ ਦੋਸ਼ ਲਾਇਆ। ਅੰਤ ਵਿੱਚ ਮੇਅ ਨੇ ਆਖਿਆ ਕਿ ਉਹ ਵੀ ਬਹਿਸ ਵੱਲੋਂ ਅਖ਼ਤਿਆਰ ਕੀਤੇ ਗਏ ਰੁਖ ਤੋਂ ਉਦਾਸ ਹੈ।





Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



**A-One Drivers TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਫਰੀ ਪਿਕਅਪ

Best Rates For Lessons

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਫੀਮੇਲ ਇੰਸਟ੍ਰਕਟਰ

647-998-7500 ਬਲਵਿੰਦਰ


## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਾਸਿਕ ਸਮਾਗ਼ਮ ਵਿਚ ਵਿਸਾਖੀ, 'ਸਿੱਖ ਹੈਰੀਟੇਜ ਮੰਥ' ਤੇ 'ਵੱਰਲਡ ਹੈਪੀਨੈੱਸ ਰਿਪੋਰਟ-2021' ਬਾਰੇ ਹੋਈ ਵਿਚਾਰ-ਚਰਚਾ

ਬਰੈਂਪਟਨ, (ਡਾ. ਝੰਡ) - ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਇਸ ਮਹੀਨੇ ਹੋਈ ਜ਼ੂਮ-ਇਕੱਤਰਤਾ ਵਿਚ ਵਿਸਾਖੀ ਦੇ ਇਤਿਹਾਸਕ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਪਹਿਲੂਆਂ, ਅਪ੍ਰੈਲ ਮਹੀਨੇ ਨੂੰ ਕੈਨੇਡਾ ਵਿਚ 'ਸਿੱਖ ਹੈਰੀਟੇਜ ਮੰਥ' ਵੱਲੋਂ ਮਾਨਤਾ ਦਿੱਤੇ ਜਾਣ ਅਤੇ ਵਿਸ਼ਵ-ਵਿਆਪੀ ਸੰਸਥਾ ਯੂ.ਐੱਨ.ਓ. ਵੱਲੋਂ 20 ਮਾਰਚ ਨੂੰ ਜਾਰੀ ਕੀਤੀ ਗਈ 'ਵੱਰਲਡ ਹੈਪੀਨੈੱਸ ਰਿਪੋਰਟ-2021' ਬਾਰੇ ਵੱਖ-ਵੱਖ ਬੁਲਾਰਿਆਂ ਵੱਲੋਂ ਹਾਜ਼ਰੀਨ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਉਪਰੰਤ, ਮੀਟਿੰਗ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਵੱਲੋਂ ਇਨ੍ਹਾਂ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ ਗਏ ਅਤੇ ਕਵੀ-ਦਰਬਾਰ ਵੀ ਹੋਇਆ। ਜ਼ੂਮ-ਮੀਟਿੰਗ ਦੀ ਸ਼ੁਰੂਆਤ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੀਟਿੰਗ ਵਿਚ ਆਏ ਸਮੂਹ ਮੈਂਬਰਾਂ ਤੇ ਮਹਿਮਾਨਾਂ ਨੂੰ ਸੰਬੋਧਿਤ ਸੁਆਗ਼ਤੀ ਸ਼ਬਦਾਂ ਨਾਲ ਕੀਤੀ ਗਈ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਪਿਛਲੇ 10 ਸਾਲਾਂ ਤੋਂ ਆਪਣੇ ਮਹੀਨਾਵਾਰ ਸਮਾਗ਼ਮਾਂ ਵਿਚ ਕਵੀ-ਦਰਬਾਰਾਂ ਦੇ ਨਾਲ-ਨਾਲ ਵੱਖ-ਵੱਖ ਵਿਸ਼ਿਆਂ ਉੱਪਰ ਸੰਵਾਦ ਰਚਾਉਂਦੀ ਰਹੀ ਹੈ, ਪਰ ਕਰੋਨਾ ਮਹਾਂਮਾਰੀ ਕਾਰਨ ਪਿਛਲੇ ਲੱਗਭੱਗ ਇਕ ਸਾਲ ਤੋਂ ਇਹ ਸਮਾਗ਼ਮ ਜ਼ੂਮ-ਮਾਧਿਅਮ ਰਾਹੀਂ ਹੀ ਕਰਵਾਏ ਜਾ ਰਹੇ ਹਨ ਜਿਨ੍ਹਾਂ ਨੂੰ ਸਾਹਿਤਕਾਰਾਂ ਤੇ ਸਾਹਿਤ-ਪ੍ਰੇਮੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਇਸ ਸਮਾਗ਼ਮ ਦੇ ਪਹਿਲੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਬੋਲਣ ਲਈ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਸੰਬੋਧਨ ਵਿਚ ਵਿਸਾਖੀ ਦੇ ਇਤਿਹਾਸਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪੱਖਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਵਿਸਾਖੀ ਖ਼ੁਸ਼ੀਆਂ ਤੇ ਖੇੜਿਆਂ ਦਾ ਤਿਓਹਾਰ ਹੈ ਅਤੇ ਇਹ ਉੱਤਰੀ ਭਾਰਤ ਤੋਂ ਇਲਾਵਾ ਦੱਖਣ-ਪੂਰਬੀ ਰਾਜਾਂ ਤੋਂ ਇਲਾਵਾ ਕਈ ਹੋਰ ਦੇਸ਼ਾਂ ਵਿਚ ਵੀ ਵੱਖ-ਵੱਖ ਨਾਵਾਂ ਹੇਠ ਮਨਾਈ ਜਾਂਦੀ ਹੈ। 1699 ਦੀ ਅਨੰਦਪੁਰ ਸਾਹਿਬ ਦੀ ਵਿਸਾਖੀ ਬਾਰੇ ਆਪਣਾ ਪੱਖ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਉੱਥੇ ਵਿਸਾਖੀ ਵਾਲੇ ਦਿਨ ਆਏ ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਵੱਖ-ਵੱਖ ਜ਼ਾਤਾਂ-ਬਰਾਦਰੀਆਂ ਨਾਲ ਸਬੰਧ ਰੱਖਣ ਵਾਲੇ ਵਿਅੱਕਤੀਆਂ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਨੇਂ ਤੇਗ਼ ਦੀ ਧਾਰ 'ਤੇ ਪੰਜ ਨਿਡਰ ਤੇ ਸਿਰਲੱਥ ਯੋਧਿਆਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਉਨ੍ਹਾਂ ਵੱਲੋਂ ਇੱਕੋ ਬਾਟੇ ਵਿਚ ਤਿਆਰ ਕੀਤਾ ਗਿਆ ਅੰਮ੍ਰਿਤ ਛਕਾ ਕੇ ਜਿੱਥੇ ਆਪਸੀ ਬਰਾਬਰੀ, ਸਾਂਝੀਵਾਲਤਾ ਅਤੇ ਭਾਈਚਾਰਕ-ਸਾਂਝ ਦਾ ਸੁਨੇਹਾ ਦਿੱਤਾ ਗਿਆ, ਉੱਥੇ ਖ਼ੇਤਰੀ ਵੱਖਰੇਵਿਆਂ ਤੇ ਜ਼ਾਤ-ਪਾਤ ਦਾ ਵੀ ਖੰਡਨ ਕੀਤਾ ਗਿਆ। ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਨੇਂ ਆਪਣੇ ਆਪ ਨੂੰ "ਆਪੇ ਗੁਰ ਚੇਲਾ" ਵਜੋਂ ਸੰਗਤ ਦੇ ਸਾਹਮਣੇ ਪੇਸ਼ ਕੀਤਾ। ਆਪਣੇ ਸੰਬੋਧਨ ਵਿਚ ਡਾ. ਝੰਡ ਨੇ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ਼ ਦੀ 14 ਅਪ੍ਰੈਲ 1919 ਦੀ ਖ਼ੂਨੀ ਵਿਸਾਖੀ ਅਤੇ 13 ਅਪ੍ਰੈਲ 1978 ਨੂੰ ਹੋਏ ਖ਼ੂਨੀ ਕਾਂਡ ਦਾ ਵੀ ਸੰਖੇਪ ਜ਼ਿਕਰ ਕੀਤਾ।

ਦੂਸਰੇ ਬੁਲਾਰੇ ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਕੈਨੇਡਾ ਵਿਚ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਵਜੋਂ ਮਾਨਤਾ ਦੇਣ ਅਤੇ ਇਸ ਨੂੰ ਸਰਕਾਰੀ ਤੌਰ 'ਤੇ ਮਨਾਉਣ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲਾਂ ਓਨਟਾਰੀਓ ਦੀ ਸੂਬਾਈ ਸਰਕਾਰ ਵੱਲੋਂ 2013 ਵਿਚ ਇਸ ਨੂੰ ਮਾਨਤਾ ਦਿੱਤੀ ਗਈ ਅਤੇ 2015 ਵਿਚ ਅਪ੍ਰੈਲ ਦੇ ਸਾਰੇ ਮਹੀਨੇ ਦੌਰਾਨ ਇਸ ਸਬੰਧੀ ਕਈ ਸਰਕਾਰੀ ਸਮਾਗ਼ਮ ਕੀਤੇ ਗਏ ਸਨ। ਫਿਰ ਫ਼ੈੱਡਰਲ ਸਰਕਾਰ ਵੱਲੋਂ ਵੀ 2019 ਵਿਚ ਇਸ ਮਹੀਨੇ ਨੂੰ ਹੈਰੀਟੇਜ ਮੰਥ ਵਜੋਂ ਬਾਕਾਇਦਾ ਮਾਨਤਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਸ ਮਹੀਨੇ ਦੌਰਾਨ ਸਿੱਖੀ ਦੇ ਪ੍ਰਚਾਰ ਲਈ ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਤਰ੍ਹਾਂ ਦੇ ਸਮਾਗ਼ਮ ਕੀਤੇ ਜਾਂਦੇ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਸਿੱਖ ਬੱਚਿਆਂ ਨੂੰ ਵੀ ਸਿੱਖੀ ਬਾਰੇ ਮੁੱਢਲੀ ਜਾਣਕਾਰੀ ਨਹੀਂ ਹੈ। ਉਨ੍ਹਾਂ ਦੇ ਸਿੱਖੀ ਨਾਲ ਜੁੜੇ ਨਾਵਾਂ ਦੇ ਉਚਾਰਨ ਸਮੇਂ ਦੂਸਰੀਆਂ ਕਮਿਊਨਿਟੀਆਂ ਨੂੰ ਤਾਂ ਕਈ ਦਿੱਕਤਾਂ ਆਉਂਦੀਆਂ ਹੀ ਹਨ, ਪਰ ਪੰਜਾਬੀ ਕਮਿਊਨਿਟੀ ਦੇ ਕਈ ਬੱਚੇ ਵੀ ਇਸ ਸਬੰਧੀ ਭੰਬਲਭੂਸੇ ਵਿਚ ਪੈ ਜਾਂਦੇ ਹਨ। ਓਨਟਾਰੀਓ ਵਿਚ ਸਿੱਖ ਹੈਰੀਟੇਜ ਮੰਥ ਵਜੋਂ ਮਾਨਤਾ ਸਬੰਧੀ ਜਾਣਕਾਰੀ ਵਿਚ ਵਾਧਾ ਕਰਦਿਆਂ ਪਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਇਸ ਵਿਚ ਐੱਨ.ਡੀ.ਪੀ. ਦੇ ਮੌਜੂਦਾ ਮੁਖੀ ਜਗਮੀਤ ਸਿੰਘ ਜੋ ਉਸ ਸਮੇਂ ਓਨਟਾਰੀਓ ਦੇ ਐੱਮ.ਪੀ.ਪੀ. ਸਨ, ਵੱਲੋਂ ਉਦੋਂ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪਾਰਲੀਮੈਂਟ ਵਿਚ ਬਿੱਲ-52 ਲਿਆ ਕੇ ਮੁੱਖ ਭੂਮਿਕਾ ਨਿਭਾਈ ਗਈ ਸੀ।



ਸਮਾਗ਼ਮ ਦੇ ਤੀਸਰੇ ਬੁਲਾਰੇ ਜੋ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਵਿਚ ਪਹਿਲੀ ਵਾਰ ਸ਼ਾਮਲ ਹੋਏ, ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਇੰਜੀ. ਈਸ਼ਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ ਜਿਸ ਨੂੰ ਹੁਣ 'ਪੰਜਾਬ ਪਾਵਰਕਾਮ' ਵਜੋਂ ਜਾਣਿਆਂ ਜਾਂਦਾ ਹੈ, ਵਿਚੋਂ ਬਤੌਰ ਚੀਫ਼-ਇੰਜੀਨੀਅਰ ਸੇਵਾ-ਮੁਕਤ ਹੋਏ ਹਨ। ਲੰਮੀ-ਦੌੜ (ਹਾਫ਼-ਮੈਰਾਥਨ) ਲਗਾਉਣ ਦੇ ਨਾਲ਼-ਨਾਲ਼ ਉਨ੍ਹਾਂ ਨੂੰ ਅੰਗਰੇਜ਼ੀ ਤੇ ਪੰਜਾਬੀ ਵਿਚ ਲਿਖਣ ਦਾ ਵੀ ਸ਼ੌਕ ਹੈ ਅਤੇ ਵੱਖ-ਵੱਖ ਵਿਸ਼ਿਆਂ 'ਤੇ ਉਨ੍ਹਾਂ ਦੇ ਆਰਟੀਕਲ ਇੱਥੋਂ ਦੀਆਂ ਅਤੇ ਅਮਰੀਕਾ ਤੇ ਪੰਜਾਬ ਦੀਆਂ ਅਖ਼ਬਾਰਾਂ ਵਿਚ ਅਕਸਰ ਛਪਦੇ ਰਹਿੰਦੇ ਹਨ। ਆਪਣੇ ਸੰਬੋਧਨ ਵਿਚ ਸ. ਈਸ਼ਰ ਸਿੰਘ ਨੇ ਕਿਹਾ ਕਿ ਵਿਸ਼ਵ-ਪੱਧਰੀ ਸੰਸਥਾ ਯੂ.ਐੱਨ.ਓ. ਵੱਲੋਂ 20 ਮਾਰਚ 2012 ਨੂੰ ਪਹਿਲੀ ਵਾਰ 'ਵੱਰਲਡ ਹੈਪੀਨੈੱਸ ਰਿਪੋਰਟ' ਪੇਸ਼ ਕੀਤੀ ਗਈ ਸੀ ਅਤੇ ਉਸ ਤੋਂ ਬਾਅਦ ਉਸ ਦੇ ਵੱਲੋਂ ਇਹ ਰਿਪੋਰਟ ਲੱਗਭੱਗ ਹਰ ਸਾਲ 20 ਮਾਰਚ ਨੂੰ ਪੇਸ਼ ਕੀਤੀ ਜਾਂਦੀ ਹੈ ਜਿਸ ਵਿਚ ਮੈਂਬਰ ਦੇਸ਼ਾਂ ਦੇ ਵੱਖ-ਵੱਖ ਪਹਿਲੂਆਂ, ਜਿਵੇਂ ਉਨ੍ਹਾਂ ਦੀ ਜੀਡੀਪੀ, ਆਰਥਿਕ ਖ਼ੁਸ਼ਹਾਲੀ, ਉਦਾਰਤਾ, ਸਿਹਤ-ਸਹੂਲਤਾਂ, ਲੋਕਾਂ ਦੇ ਰਹਿਣ-ਸਹਿਣ ਦੇ ਮਿਆਰ, ਆਦਿ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਦੀ ਬਾਕਾਇਦਾ ਰੈਂਕਿੰਗ ਕੀਤੀ ਜਾਂਦੀ ਹੈ। ਇਸ ਸਾਲ 20 ਮਾਰਚ 2021 ਦੀ ਰਿਪੋਰਟ ਵਿਚ ਫਿਨਲੈਂਡ, ਸਵੀਡਨ, ਨਾਰਵੇ, ਨਿਊਜ਼ੀਲੈਂਡ ਅਤੇ ਸਿੰਘਾਪੁਰ ਵਰਗੇ ਛੋਟੇ-ਛੋਟੇ ਦੇਸ਼ ਇਸ ਰਿਪੋਰਟ ਵਿਚ ਪਹਿਲੀਆਂ ਪੋਜ਼ੀਸ਼ਨਾਂ 'ਤੇ ਆਏ ਹਨ ਅਤੇ ਕੈਨੇਡਾ ਜੋ ਪਿਛਲੇ ਸਾਲ 14'ਵੇਂ ਨੰਬਰ 'ਤੇ ਸੀ, ਇਸ ਵਾਰ 15'ਵੇਂ 'ਤੇ ਹੈ, ਅਤੇ ਅਮਰੀਕਾ ਆਪਣੇ ਪਿਛਲੇ ਸਾਲ ਦੇ 18'ਵੇਂ ਨੰਬਰ ਤੋਂ 19'ਵੇਂ 'ਤੇ ਖਿਸਕ ਗਿਆ ਹੈ, ਜਦ ਕਿ ਭਾਰਤ ਦਾ ਸਥਾਨ 149 ਮੈਂਬਰ ਦੇਸ਼ਾਂ ਵਿੱਚੋਂ 139'ਵਾਂ ਹੈ। ਇਸ ਵਾਰ ਇਸ ਰਿਪੋਰਟ ਵਿਚ ਸਾਰੀ ਦੁਨੀਆਂ ਵਿਚ ਫ਼ੈਲੀ ਮਹਾਂਮਾਰੀ ਕੋਵਿਡ-19 ਨੂੰ ਵੀ ਉਪਰੋਕਤ ਮਿਆਰਾਂ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਹੋਰ ਕਿਹਾ ਕਿ ਪ੍ਰਸੰਨਤਾ ਦੀ ਆਪਣੀ ਅਹਿਮੀਅਤ ਹੈ ਅਤ ਇਹ ਜ਼ਰੂਰੀ ਨਹੀਂ ਹੈ ਕਿ ਕੋਈ ਅਮੀਰ ਵਿਅੱਕਤੀ ਜਾਂ ਕੋਈ ਦੇਸ਼ ਪ੍ਰਸੰਨ ਵੀ ਹੋਵੇ। ਤਿੰਨਾਂ ਵਿਸ਼ਿਆਂ ਉੱਪਰ ਚੱਲ ਰਹੀ ਵਿਚਾਰ-ਚਰਚਾ ਵਿਚ ਸ਼ਾਮਲ ਹੁੰਦਿਆਂ ਪਿਆਰਾ ਸਿੰਘ ਕੁੱਦੋਵਾਲ,ਤਰਕਸ਼ੀਲ ਸੋਸਾਇਟੀ ਤੋਂ ਬਲਦੇਵ ਰਹਿਪਾ, ਪਰਮਜੀਤ ਸਿੰਘ ਗਿੱਲ, ਕੈਲਗਰੀ ਤੋਂ ਗੁਰਚਰਨ ਕੌਰ ਥਿੰਦ ਤੇ ਕਈ ਹੋਰਨਾਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸਮਾਗ਼ਮ ਦੇ ਇਸ ਭਾਗ ਦਾ ਸੰਚਾਲਨ ਪ੍ਰੋ. ਤਲਵਿੰਦਰ ਮੰਡ ਵੱਲੋਂ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਕਰਾਉਣ ਦੀ ਕਮਾਨ ਪਰਮਜੀਤ ਸਿੰਘ ਢਿੱਲੋਂ ਨੇ ਸੰਭਾਲੀ ਅਤੇ ਉਨ੍ਹਾਂ ਵੱਲੋਂ ਖ਼ੂਬਸੂਰਤ ਕੁਮੈਂਟਾਂ ਨਾਲ ਵੱਖ-ਵੱਖ ਕਵੀਆਂ/ਕਵਿੱਤਰੀਆਂ ਤੇ ਗਾਇਕਾਂ ਨੂੰ ਸਰੋਤਿਆਂ ਦੇ ਸਾਹਮਣੇ ਬਾਖ਼ੂਬੀ ਪੇਸ਼ ਕੀਤਾ ਗਿਆ। ਇਨ੍ਹਾਂ ਵਿਚ ਜਨਾਬ ਮਕਸੂਦ ਚੌਧਰੀ, ਇਕਬਾਲ ਬਰਾੜ, ਜਗੀਰ ਸਿੰਘ ਕਾਹਲੋਂ, ਹਰਜਸਪ੍ਰੀਤ ਗਿੱਲ, ਅਮਰੀਕਾ ਤੋਂ ਅਨੰਤ ਕੌਰ, ਮੀਤਾ ਖੰਨਾ, ਰਮਿੰਦਰ ਵਾਲੀਆ, ਸੁਰਜੀਤ ਕੌਰ, ਅਮਰਜੀਤ ਪੰਛੀ, ਪਿਆਰਾ ਸਿੰਘ ਕੁੱਦੋਵਾਲ, ਗਿਆਨ ਸਿੰਘ ਦਰਦੀ, ਪਰਮਜੀਤ ਸਿੰਘ ਗਿੱਲ, ਤਲਵਿੰਦਰ ਮੰਡ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ ਤੇ ਪਰਮਜੀਤ ਢਿੱਲੋਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਭਾ ਦੇ ਸਰਪ੍ਰਸਤ ਬਰਰਾਜ ਚੀਮਾ ਵੱਲੋਂ ਬੁਲਾਰਿਆਂ ਅਤੇ ਸਮਾਗ਼ਮ ਵਿਚ ਹਾਜ਼ਰ ਸਮੂਹ ਸਾਹਿਤਕਾਰਾਂ ਤੇ ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਹਾਜ਼ਰੀਨ ਨੂੰ ਅਮੀਰ ਸੱਭਿਆਚਾਰ ਦੀ ਸਾਂਭ-ਸੰਭਾਲ ਦੇ ਨਾਲ਼ ਨਾਲ਼ ਸੁਚੱਜੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਹੋਰ ਅੱਗੇ ਵਧਾਉਣ ਦਾ ਵੀ ਸੁਨੇਹਾ ਦਿੱਤਾ ਗਿਆ। ਸਮਾਗ਼ਮ ਵਿਚ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ, ਡਾ. ਅਮਰਜੀਤ ਸਿੰਘ ਬਨਵੈਤ, ਦਰਸ਼ਨ ਸਿੰਘ ਦਰਸ਼ਨ, ਨਿਰਵੈਲ ਸਿੰਘ, ਪੰਜਾਬ ਤੋਂ ਡਾ ਦਰਸ਼ਨ ਗਿੱਲ, ਤੇ ਹੋਰਨਾਂ ਵੱਲੋਂ ਵੀ ਹਾਜ਼ਰੀ ਭਰੀ ਗਈ।





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE

Best Canadian Truck & Forklift Training Centre

Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਫ਼ਾਰਮਰਜ਼ ਸੁਪੋਰਟ ਗਰੁੱਪ ਵੱਲੋਂ ਵਿਸਾਖੀ, ਦੁੱਲਾ ਭੱਟੀ ਅਤੇ ਡਾ. ਅੰਬੇਦਕਰ ਸਬੰਧੀ ਆਯੋਜਿਤ ਕੀਤਾ ਗਿਆ ਦੋ-ਦਿਨਾਂ ਵੈਬੀਨਾਰ

## ਡਾ. ਗੁਰਨਾਮ ਕੌਰ, ਡਾ. ਗੁਰਬਖ਼ਸ਼ ਭੰਡਾਲ, ਡਾ. ਕਰਮਜੀਤ ਸਿੰਘ, ਪ੍ਰੋ. ਗੁਰਭਜਨ ਗਿੱਲ, ਰੁਖ਼ਸਾਨਾ ਭੱਟੀ ਤੇ ਪ੍ਰੋ. ਮਨਜੀਤ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ

ਬਰੈਂਪਟਨ, (ਡਾ. ਝੰਡ) – ਪਿਛਲੇ ਕੁਝ ਸਮੇਂ ਤੋਂ ਬਰੈਂਪਟਨ ਵਿਚ ਸਰਗ਼ਰਮ ਫ਼ਾਰਮਰਜ਼ ਸੁਪੋਰਟ ਗਰੁੱਪ ਵੱਲੋਂ ਵਿਸਾਖੀ ਦੇ ਸ਼ੁਭ-ਤਿਓਹਾਰ ਨੂੰ ਮੁੱਖ ਰੱਖਦਿਆਂ 17 ਅਪ੍ਰੈਲ ਨੂੰ ਜ਼ੂਮ ਮਾਧਿਅਮ ਰਾਹੀਂ ਵਿਸਾਖੀ ਦੇ ਵੱਖ-ਵੱਖ ਧਾਂਰਮਿਕ, ਇਤਿਹਾਸਕ, ਸਮਾਜਿਕ ਤੇ ਸੱਭਿਆਚਾਰਕ ਪੱਖਾਂ ਅਤੇ ਦੋਹਾਂ ਪੰਜਾਬਾਂ ਵਿਚ ਪ੍ਰਚੱਲਤ ਲੋਕ-ਗਾਥਾ ਦੁੱਲਾ-ਭੱਟੀ ਨੂੰ ਦਿੱਲੀ ਦੇ ਅਜੋਕੇ ਕਿਸਾਨੀ ਅੰਦੋਲਨ ਨਾਲ ਜੋੜਦਿਆਂ ਹੋਇਆਂ ਵੈਬੀਨਾਰ ਦਾ ਸਫ਼ਲ ਆਯੋਜਨ ਕੀਤਾ ਗਿਆ। ਅਗਲੇ ਦਿਨ 18 ਅਪ੍ਰੈਲ ਨੂੰ ਡਾ. ਬੀ. ਆਰ.ਅੰਬੇਦਕਰ ਦੀ ਜ਼ਾਤਪਾਤ ਵਿਰੋਧੀ ਲੜਾਈ ਤੇ ਉਨ੍ਹਾਂ ਦੇ ਅਧੂਰੇ ਸੁਪਨੇ ਵਿਸ਼ਿਆਂ ਉੱਪਰ ਵਿਦਵਾਲਾਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਨ੍ਹਾਂ ਵਿਦਵਾਨਾਂ ਵਿਚ ਅਮਰੀਕਾ ਤੋਂ ਡਾ. ਗੁਰਬਖ਼ਸ਼ ਸਿੰਘ ਭੰਡਾਲ, ਬਰੈਂਪਟਨ ਤੋਂ ਡਾ. ਗੁਰਨਾਮ ਕੌਰ ਅਤੇ ਭਾਰਤ ਤੋਂ ਡਾ. ਕਰਮਜੀਤ ਸਿੰਘ, ਉੱਘੇ ਕਵੀ ਪ੍ਰੋ. ਗੁਰਭਜਨ ਗਿੱਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਮਾਜ-ਵਿਗਿਆਨੀ ਪ੍ਰੋ. ਮਨਜੀਤ ਸਿੰਘ ਅਤੇ ਪਾਕਿਸਤਾਨ ਤੋਂ ਸੁਪਰੀਮ ਕੋਰਟ ਦੇ ਵਕੀਲ ਮੋਹਤਰਿਮਾ ਰੁਖ਼ਸਾਨਾ ਭੱਟੀ ਸ਼ਾਮਲ ਸਨੇ।

ਪਹਿਲੇ ਦਿਨ ਸ਼ਨੀਵਾਰ ਨੂੰ ਹਰਜਸਪ੍ਰੀਤ ਗਿੱਲ ਵੱਲੋਂ ਫ਼ਾਰਮਰਜ਼ ਸੁਪੋਰਟ ਗਰੁੱਪ ਦੀਆਂ ਸਟਗ਼ਰਮੀਆਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਅਤੇ ਮਹਿਮਾਨ ਬੁਲਾਰਿਆਂ ਤੇ ਜ਼ੂਮ-ਸਮਾਗ਼ਮ ਵਿਚ ਸ਼ਾਮਲ ਵਿਅੱਕਤੀਆਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਸਮਾਗ਼ਮ ਦੇ ਪਹਿਲੇ ਬੁਲਾਰੇ ਡਾ. ਗੁਰਨਾਮ ਕੌਰ ਨੇ ਵਿਸਾਖੀ ਦੀ ਧਾਰਮਿਕ ਮਹੱਤਤਾ ਬਾਰੇ ਆਪਣੇ ਸੰਬੋਧਨ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀਆਂ ਚਾਰ-ਉਦਾਸੀਆਂ ਦੌਰਾਨ ਉਨ੍ਹਾਂ ਵੱਲੋਂ ਮਾਨਵਤਾ ਦੇ ਏਕੇ ਅਤੇ ਸੱਚ ਦਾ ਸੁਨੇਹਾ ਦੇਣ ਤੋਂ ਆਰੰਭ ਕਰਕੇ 1699 ਦੀ ਇਤਿਹਾਸਕ ਵਿਸਾਖੀ ਵਿਚ ਵੱਖ-ਵੱਖ ਧਰਮਾ ਤੇ ਜ਼ਾਤਾਂ ਤੋਂ ਆਏ ਪੰਜ ਵਿਅੱਕਤੀਆਂ ਨੂੰ ਇੱਕੋਂ ਬਾਟੇ ਵਿਚ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ 'ਪੰਜ ਪਿਆਰਿਆਂ' ਦਾ ਰੁਤਬਾ ਦੇ ਕੇ ਸਮਾਜਿਕ ਬਰਾਬਰੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਦੂਸਰੇ ਬੁਲਾਰੇ ਡਾ. ਗੁਰਬਖ਼ਸ਼ ਭੰਡਾਲ ਸਨੰਦਪੁਰ ਸਾਹਿਬ ਦੀ 1699 ਦੀ ਵਿਸਾਖੀ ਅਤੇ ਅੰਮ੍ਰਿਤਸਰ 1919 ਦੀ ਜੱਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਵਿਸਾਖੀ ਦੀ ਤੁਲਣਾ ਕਰਦਿਆਂ ਹੋਇਆਂ ਕਿਹਾ ਕਿ ਦੋਹਾਂ ਕੇਸਾਂ ਵਿਚ ਹੀ ਲੋਕਾਂ ਵੱਲੋਂ ਸਾਂਝੇ ਤੌਰ 'ਤੇ ਜ਼ੋਰ ਅਤੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ ਗਈ। ਪਹਿਲੇ ਕੇਸ ਵਿਚ ਜਿੱਥੇ ਇਹ ਆਵਾਜ਼ ਔਰੰਗਜ਼ੇਬ ਬਾਦਸ਼ਾਹ ਦੇ ਵਿਰੁੱਧ ਸੀ, ਉੱਥੇ ਦੂਜੇ ਕੇਸ ਵਿਚ ਇਹ ਸਮੇਂ ਦੀ ਅੰਗਰੇਜ਼ ਸਰਕਾਰ ਵੱਲੋਂ ਰੌਲਟ ਐਕਟ ਦੇ ਵਿਰੁੱਧ ਲੋਕਾਂ ਦਾ ਸਾਂਝਾ ਗੁੱਸਾ ਸੀ। 1699 ਦੀ ਵਿਸਾਖੀ ਤੋਂ ਬਾਅਦ 1710 ਵਿਚ ਬੰਦਾ ਸਿੰਘ ਬਹਾਦਰ ਨੇ ਸਮੂਹਿਕ ਰੂਪ ਵਿਚ ਔਰੰਗਜ਼ੇਬ ਦੇ ਜ਼ੁਲਮ ਦਾ ਟਾਕਰਾ ਕਰਦਿਆਂ ਹੋਇਆਂ ਚੱਪੜਚੀੜੀ ਵਿਚ ਮੁਗ਼ਲ ਫ਼ੌਜਾਂ ਨੂੰ ਭਾਂਜ ਦੇ ਕੇ ਸਿੱਖ ਰਾਜ ਕਾਇਮ ਕੀਤਾ ਅਤੇ ਕਿਸਾਨਾਂ ਨੂੰ ਜਮੀਨਾਂ ਦੀ ਮਾਲਕੀ ਦੇ ਹੱਕ ਦਿੱਤੇ ਗਏ, ਜਦ ਕਿ 1919 ਦੀ ਖ਼ੂਨੀ-ਵਿਸਾਖ਼ੀ ਦਾ ਬਦਲਾ ਊਧਮ ਸਿੰਘ ਸੁਨਾਮ ਵੱਲੋਂ ਵਿਅੱਕਤੀਗ਼ਤ ਤੌਰ 'ਤੇ ਲੰਡਨ ਜਾ ਕੇ 1940 ਵਿਚ ਮਾਈਕਲ ਉਡਵਾਇਰ ਨੂੰ ਭਰੇ ਸਮਾਗ਼ਮ ਵਿਚ ਗੋਲੀਆਂ ਮਾਰ ਕੇ ਲਿਆ ਗਿਆ। ਸ਼ਹੀਦ ਭਗਤ ਸਿੰਘ, ਉਨ੍ਹਾਂ ਦੇ ਸਾਥੀਆਂ ਅਤੇ ਹੋਰ ਅਨੇਕਾਂ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ 1947 ਵਿਚ ਆਜ਼ਾਦ ਹੋਇਆ।

ਸਮਾਗ਼ਮ ਦੇ ਤੀਸਰੇ ਬੁਲਾਰੇ ਡਾ. ਕਰਮਜੀਤ ਸਿੰਘ ਵਿਸਾਖੀ ਦੇ ਸੱਭਿਆਚਾਰਕ ਪੱਖ ਨੂੰ ਦਰਸਾਉਂਦਿਆਂ ਵਿਸਾਖ਼ੀ ਦਾ ਪਿਛੋਕੜ 5000 ਸਾਲ ਪੁਰਾਣੀ ਮੁਹੰਜੋਦਾੜੋ ਦੀ ਸਿੰਧ ਘਾਟੀ ਦੀ ਸੱਭਿਆਤਾ ਨਾਲ ਜਾ ਜੋੜਿਆ। ਉਨ੍ਹਾਂ ਕਿਹਾ ਕਿ ਪ੍ਰਾਪਤ ਖੋਜਾਂ ਅਨੁਸਾਰ ਕਣਕ ਦੀ ਖੇਤੀ ਓਦੋਂ ਵੀ ਕੀਤੀ ਜਾਂਦੀ ਸੀ। ਪੁਰਾਤਨ ਭਾਸ਼ਾਵਾਂ ਵਿਚ ਇਸ ਦਾ ਨਾਂ 'ਕਨਕ' ਮੌਜੂਦਾ ਸੋਨੇ ਦਾ ਪ੍ਰਤੀਕ ਹੈ। ਪੱਕੀ ਹੋਈ ਕਣਕ ਸੁਨਹਿਰੀ ਭਾਅ ਮਾਰਦੀ ਹੈ ਅਤੇ ਕਿਸਾਨਾਂ ਲਈ ਇਹ ਸੋਨੇ ਦੇ ਸਮਾਨ ਹੈ ਜੋ ਉਨ੍ਹਾਂ ਦੀਆਂ ਆਰਥਿਕ ਤੰਗੀਆਂ-ਤੁਰਸ਼ੀਆਂ ਨੂੰ ਦੂਰ ਕਰਦਾ ਹੈ। ਹਾੜੀ ਦੀਆਂ ਫ਼ਸਲਾਂ ਦੀ ਵਾਢੀ ਨਾਲ ਜੁੜਿਆ ਹੋਇਆ ਇਹ ਤਿਓਹਾਰ ਖ਼ੁਸ਼ੀਆਂ ਤੇ ਖੇੜਿਆਂ ਦਾ ਤਿਓਹਾਰ ਹੈ। ਲੋਕ ਖ਼ੁਸ਼ੀ ਨਾਲ ਝੂਮਦੇ ਹਨ ਅਤੇ ਭੰਗੜੇ ਪਾਉਂਦੇ ਹਨ। ਉਨ੍ਹਾਂ ਹੋਰ ਕਿਹਾ ਕਿ ਬਿਕਰਮੀ ਸਾਲ ਦੀ ਸ਼ੁਰੂਆਤ ਵਿਸਾਖੀ ਵਾਲੇ ਦਿਨ ਤੋਂ ਹੁੰਦੀ ਹੈ ਅਤੇ ਸਿੱਖ ਧਰਮ ਵਿਚ ਵਿਸਾਖੀ ਮਨਾਉਣ ਦੀ ਪ੍ਰਥਾ ਗੁਰੂ ਅਮਰਦਾਸ ਜੀ ਤੋਂ ਸ਼ੁਰੂ ਹੋਈ ਜਦੋਂ ਇਸ ਦਿਨ ਉਨ੍ਹਾਂ ਨੂੰ ਗੁਰਗੱਦੀ ਬਖ਼ਸ਼ੀ ਗਈ ਸੀ।

ਅਗਲੇ ਬੁਲਾਰੇ ਪ੍ਰੋ. ਗੁਰਭਜਨ ਗਿੱਲ ਨੇ ਆਪਣੀ ਗੱਲ ਪੰਜਾਬ ਦੀ ਚਰਚਿਤ ਲੋਕ-ਗਾਥਾ 'ਦੇ ਨਾਇਕ ਬਹਾਦਰ ਬਗ਼ਾਵਤੀ ਯੋਧੇ ਦੁੱਲਾ ਭੱਟੀ ਦੇ ਜੀਵਨ ਦੇ ਸੰਘਰਸ਼ ਨਾਲ ਆਰੰਭੀ ਜਿਸ ਨੇ ਅਕਬਰ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਦੀ ਈਨ ਨਹੀਂ ਮੰਨੀ ਸੀ। ਉਨ੍ਹਾਂ ਇਸ ਨੂੰ ਦਿੱਲੀ ਵਿਚ ਪਿਛਲੇ ਸਾਢੇ ਚਾਰ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨਾਲ ਵੀ ਬਾਖ਼ੂਬੀ ਜੋੜਿਆ। ਉਨ੍ਹਾਂ ਕਿਹਾ ਕਿ ਸਾਂਦਲ ਬਾਰ ਦੇ ਪਿੰਡ 'ਪਿੰਡੀ ਭੱਟੀਆਂ' ਦੇ ਦੁੱਲੇ ਭੱਟੀ ਦੇ ਦਾਦੇ ਸਾਂਦਲ ਭੱਟੀ ਅਤੇ ਬਾਪ ਫ਼ਰੀਦ ਭੱਟੀ ਨੇ ਜਦੋਂ ਉਸ ਸਮੇਂ ਅਕਬਰ ਬਾਦਸ਼ਾਹ ਵੱਲੋਂ ਕਿਸਾਨਾਂ ਉੱਪਰ ਲਗਾਏ ਗਏ ਨਾਜਾਇਜ਼ ਜ਼ਮੀਨੀ ਲਗਾਨ ਦੇ ਵਿਰੁੱਧ ਆਵਾਜ਼ ਉਠਾਈ ਸੀ ਤਾਂ ਉਨ੍ਹਾਂ ਨੂੰ ਉਸ ਦੀ ਫ਼ੌਜ ਦੇ ਸਿਪਾਹੀਆਂ ਵੱਲੋਂ ਫ਼ਾਂਸੀ ਦੇ ਕੇ ਉਨ੍ਹਾਂ ਦੀਆਂ ਲਾਸ਼ਾਂ ਪਿੰਡ ਦੇ ਬਾਹਰਵਾਰ ਰੁੱਖਾਂ ਨਾਲ ਕਈ ਦਿਨ ਲਟਕਾਈਆਂ ਗਈਆਂ ਸਨ। ਦੁਲੇ ਦੀ ਮਾਂ ਲੱਧੀ ਨੇ ਕਈ ਸਾਲ ਇਸ ਦੀ ਭਿਣਕ ਉਸ ਨਾ ਪੈਣ ਦਿੱਤੀ। ਆਖ਼ਰ ਜਦੋਂ ਇਸ ਦਾ ਭੇਦ ਉਸ ਅੱਗੇ ਖੁੱਲ੍ਹਿਆ ਤਾਂ ਉਹ ਅਕਬਰ ਹਕੂਮਤ ਦਾ 'ਨਾਬਰ' ਬਾਗ਼ੀ ਹੋ ਗਿਆ। ਉਹ ਤਕੜੇ ਲੋਕਾਂ ਦੀਆਂ ਲੁੱਟਾਂ ਖੋਹਾਂ ਕਰਕੇ ਗ਼ਰੀਬਾਂ, ਬੇ-ਸਹਾਰੇ ਤੇ ਲੋੜਵੰਦਾਂ ਦੀ ਮਦਦ ਕਰਦਾ ਸੀ ਅਤੇ ਇਸ ਤਰ੍ਹਾਂ ਉਹ ਲੋਕਾਂ ਵਿਚ ਹਰਮਨ-ਪਿਆਰਾਂ ਹੋ ਗਿਆ। ਕਈ ਉਸ ਨੂੰ ਡਾਕੂ ਤੇ ਲੁਟੇਰਾ ਵੀ ਕਹਿੰਦੇ ਸਨ ਪਰ ਅਸਲ ਵਿਚ ਉਹ ਕਿਸਾਨਾਂ ਦਾ ਹਮਦਰਦ ਅਤੇ ਲੋਕਾਂ ਦਾ ਨਾਇਕ ਸੀ। ਸਾਂਦਲ ਬਾਰ ਵਿਚ ਉਸ ਸਬੰਧੀ ਕਈ ਲੋਕ-ਗੀਤ ਪ੍ਰਚੱਲਤ ਹੋਏ ਜਿਨ੍ਹਾਂ ਵਿਚੋਂ ਲੋਹੜੀ ਦਾ ਗੀਤ "ਸੁੰਦਰ-ਮੁੰਦਰੀਏ ਹੋ ..." ਖ਼ਾਸਾ ਮਸ਼ਹੂਰ ਹੋਇਆ ਹੈ। ਉਨ੍ਹਾਂ ਮਾਈ ਲੱਧੀ ਵੱਲੋਂ ਆਪਣੇ ਪੁੱਤਰ ਦੁੱਲੇ ਅਤੇ ਅਕਬਰ ਬਾਦਸ਼ਾਹ ਦੇ ਪੁੱਤਰ ਸਲੀਮ ਨੂ ਇਕੱਠਿਆਂ ਦੁੱਧ ਚੁੰਘਾਉਣ ਦੀ ਗੱਲ ਦਾ ਵੀ ਖੰਡਨ ਕੀਤਾ। ਉਨ੍ਹਾਂ ਕਿਹਾ ਕਿ ਸਲੀਮ ਦਾ ਜਨਮ 1544 ਦਾ ਹੈ ਅਤੇ ਦੁੱਲੇ ਦਾ 1565 ਦਾ ਹੈ। ਇਸ ਤਰ੍ਹਾਂ ਦੋਹਾਂ ਦੀ ਉਮਰ ਦਾ 21 ਸਾਲ ਦਾ ਫ਼ਰਕ ਹੈ ਅਤੇ ਦੋਹਾਂ ਦਾ ਇਕੱਠੇ ਦੁੱਧ ਚੁੰਘਣਾ ਕਿਵੇਂ ਸੰਭਵ ਹੋ ਸਕਦਾ ਹੈ।

ਗੁਰਭਜਨ ਗਿੱਲ ਨੇ ਹੋਰ ਕਿਹਾ ਕਿ ਦੁੱਲਾ-ਭੱਟੀ ਪਾਕਿਸਤਾਨੀ ਅਤੇ ਭਾਰਤੀ ਪੰਜਾਬ ਦੀ ਸਾਂਝੀ ਵਿਰਾਸਤ ਹੈ ਜਿਸ ਨੂੰ ਸਾਂਝੇ ਤੌਰ 'ਤੇ ਸੰਭਾਲਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਹ ਉਸ ਦਾ ਬੁੱਤ ਤਿਆਰ ਕਰਵਾਉਣ ਦੀ ਤਿਆਰੀ ਕਰ ਰਹੇ ਹਨ ਅਤੇ ਇਹ ਬੁੱਤ ਭਾਰਤ-ਪਾਕਿ-ਸਤਾ ਦੀ ਵਾਹਗਾ ਸਰਹੱਦ 'ਤੇ ਕਿਸੇ ਯੋਗ ਥਾਂ 'ਤੇ ਲਗਾਇਆ ਜਾਏਗਾ। ਇਸ ਮੌਕੇ ਪਾਕਿਸਤਾਨ ਦੇ ਸ਼ਹਿਰ ਸਰਗੋਧੇ ਤੋਂ ਸੁਪਰੀਮ ਕੋਰਟ ਦੀ ਉੱਘੀ ਵਕੀਲ ਮੋਹਤਰਿਮਾ ਰੁਖ਼ਸਾਨਾ ਭੱਟੀ ਵੱਲੋਂ ਵੀ ਦੁੱਲੇ ਭੱਟੀ ਬਾਰੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਦੁੱਲਾ ਦੋਹਾਂ ਪੰਜਾਬਾਂ ਦਾ ਸਾਂਝਾ 'ਹੀਰੋ' ਹੈ ਅਤੇ ਉਸ ਦੀ ਯਾਦਗਾਰ ਦੋਹਾਂ ਪੰਜਾਬਾਂ ਵਿਚ ਹੀ ਸਥਾਪਿਤ ਹੋਣੀ ਚਹੀਦੀ ਹੈ। ਉਹ ਓਧਰਲੇ ਪੰਜਾਬ ਵਿਚ ਵੀ ਇਹ ਯਾਦਗਾਰ ਦੁੱਲੇ ਦੇ ਪਿੰਡ 'ਪਿੰਡੀ ਭੱਟੀਆਂ ਵਿਚ ਸਥਾਪਿਤ ਕਰਨ ਦੀ ਪੂਰੀ ਵਾਹ ਲਗਾਉਣਗੇ। ਫ਼ਾਰਮਰਜ਼ ਸੁਪੋਰਟ ਗਰੁੱਪ ਦੇ ਕਨਵੀਨਰ ਮਲਕੀਤ ਸਿੰਘ ਵੱਲੋਂ ਬੁਲਾਰਿਆਂ ਅਤੇ ਹਾਜ਼ਰੀਨ ਦ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਇਸ ਜ਼ੂਮ-ਸਮਾਗ਼ਮ ਦੇ ਸੰਚਾਲਨ ਦੀ ਜ਼ਿਮੇਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਨਿਭਾਈ ਗਈ।

ਅਗਲੇ ਦਿਨ ਐਤਵਾਰ 18 ਅਪ੍ਰੈਲ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੋਸ਼ਿਆਲੋਜੀ ਵਿਭਾਗ ਤੋਂ ਸੇਵਾ-ਮੁਕਤ ਪ੍ਰੋਫ਼ੈਸਰ ਮਨਜੀਤ ਸਿੰਘ ਜੋ ਉੱਥੇ ਡਾ.ਬੀ. ਆਰ. ਅੰਬੇਦਕਰ ਚੇਅਰ ਦੇ ਮੁਖੀ ਵੀ ਰਹਿ ਚੁੱਕੇ ਹਨ, ਨੇ "ਡਾ. ਅੰਬੇਦਕਰ ਦੀ ਜ਼ਾਤਪਾਤ ਵਿਰੁੱਧ ਲੜਾਈ ਅਤੇ ਉਨ੍ਹਾਂ ਦੇ ਅਧੂਰੇ ਸੁਪਨੇ" ਵਿਸ਼ੇ ਉੱਪਰ ਵਿਸਥਾਰ ਸਹਿਤ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਦੋਹਾਂ ਦਿਨਾਂ ਦੇ ਸਮਾਗ਼ਮਾਂ ਵਿਚ ਬੁਲਾਰਿਆਂ ਨੂੰ ਡਾ. ਹਰਦੀਪ ਸਿੰਘ ਅਟਵਾਲ, ਡਾ. ਸੁਖਦੇਵ ਸਿੰਘ ਝੰਡ, ਜਸਵੀਰ ਮੰਗੂਵਾਲ, ਹਰਪ੍ਰਮਿੰਦਰ ਗ਼ਦਰੀ, ਬਲਦੇਵ ਰਹਿਪਾ, ਬਲਦੇਵ ਸਿੰਘ ਬਰਾੜ, ਨਵਨਿੰਦਰ ਕੁਮਾਰ, ਹਰਜੀਤ ਸਿੰਘ ਗਿੱਲ ਤੇ ਹੋਰਨਾਂ ਵੱਲੋਂ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਤਸੱਲੀ-ਪੂਰਵਕ ਜੁਆਬ ਉਨ੍ਹਾਂ ਵੱਲੋਂ ਦਿੱਤੇ ਗਏ।




## ਸੁਲੱਖਣ ਸਿੰਘ ਮਹਿਮੀ ਦੀਆਂ ਰਚਨਾਵਾਂ

### ਕਰੋਨਾ

ਰਹੀਏ ਬਚ ਕੇ ਅਕਲ ਤੋਂ ਕੰਮ ਲਈਏ,
ਕਰੋਨਾ ਲਏ ਨੇ ਪੈਰ ਪਸਾਰ ਮੀਆਂ।
ਮਹਾਂਮਾਰੀ ਇਹ ਵੱਡੀ ਫੈਲ ਚੁੱਕੀ,
ਮਚੀ ਜੱਗ ਤੇ ਹਾਹਾਕਾਰ ਮੀਆਂ।
ਮੰਦਾ ਹਾਲ ਹੋਇਆ ਹਸਪਤਾਲ ਅੰਦਰ,
ਬੇਸ਼ੁਮਾਰ ਨੇ ਪਏ ਬਿਮਾਰ ਮੀਆਂ।
ਬਿਰਧ ਘਰਾਂ ਦਾ ਹਾਲ ਵੀ ਬਹੁਤ ਮਾੜਾ,
ਉੱਥੇ ਰੋਗੀਆਂ ਦੀ ਭਰਮਾਰ ਮੀਆਂ।
ਪਹਿਲਾਂ ਵਾਲੀ ਨ ਰਹੀ ਚਹਿਲ ਪਹਿਲ,
ਨਾ ਹੀ ਰੌਣਕਾਂ ਵਿੱਚ ਬਜ਼ਾਰ ਮੀਆਂ।
ਰਿਸ਼ਤੇ ਨਾਤੇ ਵੀ ਤਾਰ ਤਾਰ ਹੋ ਗਏ,
ਕੰਧਾ ਦੇਣ ਨੂੰ ਨਾ ਲੱਭਦੇ ਚਾਰ ਮੀਆਂ।
ਵੱਡੇ 'ਕੱਠ ਜੋ ਘਰਾਂ 'ਚ ਕਰੀ ਜਾਂਦੇ,
ਐਸੇ ਲੋਕਾਂ ਨੂੰ ਪਵੇ ਫਿਟਕਾਰ ਮੀਆਂ।
ਬਣ ਬੈਠੇ ਦੁਸ਼ਮਣ ਸਮਾਜ ਦੇ ਉਹ,
ਆਇਆ ਸੋਚਣੀ ਵਿੱਚ ਨਿਘਾਰ ਮੀਆਂ।
ਜੇਕਰ ਬਚ ਹੁੰਦਾ ਅਸੀਂ ਬਚ ਜਾਈਏ,
ਇਸ ਲਾਗ ਦੀ ਭੈੜੀ ਮਾਰ ਮੀਆਂ।
ਸ਼ਾਲਾ! ਸੁਖੀ ਵਸੇ ਸੰਸਾਰ ਸਾਰਾ,
ਪਰਤ ਆਏ ਉਹੀ ਪਿਆਰ ਮੀਆਂ।
ਆਉ ਰੱਬ ਅੱਗੇ ਪੁਕਾਰ ਕਰੀਏ,
'ਹਕੀਰ' ਹੋ ਜਾਏ ਬੇੜਾ ਪਾਰ ਮੀਆਂ।

### ਗੀਤ-ਵੰਝਲੀ

ਵੰਝਲੀ ਐਸੀ ਵਜ਼ਾਅ ਜੋਗੀਆ ...
ਵੰਝਲੀ ਐਸੀ ਵਜ਼ਾਅ....।
ਤੇਰੀ ਵੰਝਲੀ ਸੁਣ ਕੇ ਜੋਗੀ
ਸੁੱਧ ਬੁੱਧ ਲਵਾਂ ਭੁਲਾਅ...।
ਤੇਰੀ ਉਡੀਕ ਮੈਂ ਕਰ ਕਰ ਹਾਰੀ,
ਸੀਨੇ ਚਲਦੀ ਆਰੀ ।
ਸੂਰਤ ਤੇਰੀ ਦਿਲ ਵਿੱਚ ਵਸ ਗਈ,
ਜਾਨੋਂ ਵੱਧ ਪਿਆਰੀ ।
ਉੱਠ ਉੱਠ ਰਾਹ ਮੈਂ ਤੱਕਾਂ ਤੇਰਾ,ਛੇਤੀ ਫੇਰਾ ਪਾਅ...
ਵੰਝਲੀ ਐਸੀ ਵਜ਼ਾਅ ..............।
ਸਾਨੂੰ ਭੈੜਾ ਰੋਗ ਇਹ ਲੱਗਾ,
ਹੋਈ ਫਿਰਾਂ ਦੀਵਾਨੀ।
ਰਾਤਾਂ ਦੀ ਨੀਂਦ ਵੀ ਉੱਡੀ,
ਸੀਨੇ ਵੱਜੀ ਕਾਨੀ।
ਕਰ ਤੂੰ ਆ ਕੇ ਦੂਰ ਬਿਮਾਰੀ,ਜਾਂ ਸਾਨੂੰ ਸਮਝਾਅ..
ਵੰਝਲੀ ਐਸੀ ਵਜ਼ਾਅ .... ............।
ਸਖੀਆਂ ਮਾਰਨ ਤਾਨ੍ਹੇ ਮੈਨੂੰ,
ਇਹ ਕੀ ਹਾਲ ਬਣਾਇਆ।
ਦਿਲ ਮੇਰੇ ਤੇ ਬੀਤੀ ਕੀ ਕੀ,
ਰੋਗ ਹੱਡਾਂ ਨੂੰ ਲਾਇਆ।
ਸੁਫ਼ਨੇ ਵਿੱਚ ਹੀ ਆ ਕੇ ਮਿਲ ਸਾਨੂੰ ਚੜ੍ਹ ਜੇ ਚਾਅ.
ਵੰਝਲੀ ਐਸੀ ਵਜ਼ਾਅ................।
ਕਲਬੂਤ ਮੇਰੇ 'ਚ ਰੂਹ ਜੋਗੀ ਦੀ,
ਮੈਨੂੰ ਕਮਲ਼ੀ ਕੀਤਾ।
ਤੂੰ ਤੇ ਜਾਣੀ ਜਾਣ ਪਿਆਰਾ,
ਸਬਰਾਂ ਦਾ ਘੁੱਟ ਪੀਤਾ।
'ਹਕੀਰ' ਤੂੰ ਰਾਂਝਾ ਜੋਗੀ ਬਣ ਰਾਗ ਇਲਾਹੀ ਗਾ..
ਵੰਝਲੀ ਐਸੀ ਵਜ਼ਾਅ..................।

ਫੋਨ-647 -786-6329

## ਹਲਕਾ ਫੁਲਕਾ

ਪਤੀ ਜਿਵੇਂ ਹੀ ਘਰ ਵੜਿਆ, ਪਤਨੀ ਬੋਲੀ, "ਸਵੇਰ ਦਾ ਖਾਣਾ ਰੱਖਿਆ ਹੈ, ਜਲਦੀ ਖਾਓ ਤੇ ਸੌਂ ਜਾਓ।"
ਪਤੀ, "ਓ ਭਾਗਵਾਨੇ, ਇਸ ਸਬਜ਼ੀ ਦਾ ਨਾਂਅ ਤਾਂ ਦੱਸ, ਜੋ ਦਿੱਤੀ ਹੈ।"
ਪਤਨੀ, "ਖਾਣ-ਮਰਨ ਦੀ ਗੱਲ ਕਰੋ, ਸਬਜ਼ੀ ਦਾ ਨਾਂਅ ਪੁੱਛ ਕੇ ਲੈਣਾ ਹੈ?"
ਪਤੀ, "ਜਦੋਂ ਸਵਰਗ ਵਿੱਚ ਜਵਾਂਗਾ ਤਾਂ ਰੱਬ ਨੂੰ ਦੱਸਣਾ ਪਵੇਗਾ ਕਿ ਕੀ ਖਾ ਕੇ ਮਰਿਆ ਸੀ।"

*********

ਜੇਲ੍ਹ ਕਰਮਚਾਰੀ (ਜੇਲ੍ਹਰ ਸਾਹਿਬ ਨੂੰ), "ਹਜ਼ੂਰ, ਚਿੱਠੀ ਆਈ ਹੈ।"
ਜੇਲ੍ਹਰ, "ਕਿਸ ਬੇਵਕੂਫ ਦੀ ਹੈ?"
ਜੇਲ੍ਹ ਕਰਮਚਾਰੀ, "ਹਜ਼ੂਰ ਤੁਹਾਡੀ ਹੈ।"
ਜੇਲ੍ਹਰ, "ਕਿਸ ਬੇਵਕੂਫ ਨੇ ਲਿਖੀ ਹੈ?"
ਜੇਲ੍ਹ ਕਰਮਚਾਰੀ, "ਹਜ਼ੂਰ, ਤੁਹਾਡੇ ਪਿਤਾ ਜੀ ਨੇ ਲਿਖੀ ਹੈ।"

*********

ਪਤਨੀ, "ਤੁਸੀਂ ਸ਼ਰਾਬ ਉੱਤੇ ਬਹੁਤ ਪੈਸੇ ਬਰਬਾਦ ਕਰਦੇ ਹੋ। ਬੰਦ ਕਰੋ ਇਹ ਸਭ।"
ਪਤੀ, "ਤੂੰ ਜੋ ਬਿਊਟੀ ਪਾਰਲਰ ਵਿੱਚ ਪੰਜ ਹਜ਼ਾਰ ਦਾ ਕਬਾੜਾ ਕਰ ਕੇ ਆਉਂਦੀ ਏਂ, ਉਸ ਦਾ ਕੀ?"
ਪਤਨੀ, "ਉਹ ਤਾਂ ਮੈਂ ਤੁਹਾਨੂੰ ਸੋਹਣੀ ਲੱਗਾਂ, ਇਸ ਲਈ।"
ਪਤੀ,"ਪਾਗਲ, ਮੈਂ ਵੀ ਇਸ ਲਈ ਪੀਂਦਾ ਹਾਂ ਕਿ ਤੂੰ ਮੈਨੂੰ ਸੋਹਣੀ ਲੱਗੇਂ।"

*********

ਰਾਮੂ, "ਪਿਤਾ ਜੀ, ਜੇ ਇਸ ਵਾਰ ਮੈਂ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ ਤਾਂ ਆਤਮ ਹੱਤਿਆ ਕਰ ਲਵਾਂਗਾ।"
ਪਿਤਾ, "ਖਬਰਦਾਰ! ਤੂੰ ਆਤਮ ਹੱਤਿਆ ਕੀਤੀ ਤਾਂ ਮੈਂ ਤੈਨੂੰ ਜਾਨੋਂ ਮਾਰ ਦੇਵਾਂਗਾ।"


*********

ਅਧਿਆਪਕ, "ਬੱਚਿਓ, ਦੱਸੋ ਇੱਕ ਨੂੰ ਇੱਕ ਨਾਲ ਕਿਵੇਂ ਜੋੜੀਏ ਕਿ ਦੋ ਤੋਂ ਵੱਧ ਹੋ ਜਾਣ।"
ਮਨੀ, "ਸਰ, ਮੈਂ ਦੱਸਾਂ।"
ਅਧਿਆਪਕ, "ਦੱਸੋ।"
ਮਨੀ, "ਉਨ੍ਹਾਂ ਦਾ ਵਿਆਹ ਕਰ ਦੇਣਾ ਚਾਹੀਦੈ।"


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |




EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |


3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਰਾਜ ਦੇ ਆਖਰੀ ਸਾਲ ਵਿੱਚ ਕਿਸ ਹਾਲ ਵਿੱਚ ਹੈ ਪੰਜਾਬ ਦੀ ਸਰਕਾਰ !



ਜਤਿੰਦਰ ਪੰਨੂ

ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਆਪਣੀ ਮਿਆਦ ਦੇ ਆਖਰੀ ਸਾਲ ਵਿੱਚ ਉਹ ਸਾਰਾ ਟਿੱਲ ਇਸ ਮਕਸਦ ਲਈ ਲਾਉਂਦੀ ਹੈ ਕਿ ਅੜੇ-ਥੁੜੇ ਕੰਮ ਕਰ ਲਏ ਜਾਣ ਅਤੇ ਲੋਕਾਂ ਕੋਲ ਜਾਣ ਜੋਗੇ ਹੋਇਆ ਜਾਵੇ। ਪੰਜਾਬ ਦੀ ਮੌਜੂਦਾ ਸਰਕਾਰ ਦਾ ਇਸ ਵੇਲੇ ਅੰਤਲਾ ਸਾਲ ਚੱਲਦਾ ਪਿਆ ਹੈ ਅਤੇ ਇਸ ਵਿੱਚੋਂ ਇੱਕ ਮਹੀਨਾ ਘਟ ਚੁੱਕਾ ਹੈ, ਪਰ ਇਸ ਦਾ ਉਹ ਪ੍ਰਭਾਵ ਬਣਨ ਵਾਲੀ ਗੱਲ ਕੋਈ ਨਹੀਂ ਲੱਭਦੀ, ਜਿਸ ਤੋਂ ਲੋਕਾਂ ਕੋਲ ਜਾਣ ਲਈ ਇਸ ਦੀ ਕਿਸੇ ਖਾਹਿਸ਼ ਦਾ ਪਤਾ ਲਾਇਆ ਜਾ ਸਕੇ। ਇਸ ਦੀ ਬਜਾਏ ਏਦਾਂ ਲੱਗਦਾ ਹੈ ਕਿ ਸਰਕਾਰ ਕਿਸੇ 'ਆਟੋ' ਮੋਡ ਵਿੱਚ ਪਈ ਹੋਈ ਆਪਣਾ ਰਾਹ ਆਪੇ ਲੱਭਦੀ ਅਤੇ ਚੱਲਦੀ ਪਈ ਹੈ, ਇਸ ਦੀ ਵਾਗ ਹੀ ਕਿਸੇ ਦੇ ਹੱਥ ਨਹੀਂ ਜਾਪਦੀ ਤੇ ਇਸ ਦੀ ਸੁਰ-ਸੇਧ ਵੀ ਕੋਈ ਦਿਖਾਈ ਨਹੀਂ ਦੇਂਦੀ। ਹਰਚਰਨ ਸਿੰਘ ਬਰਾੜ ਦੀ ਸਰਕਾਰ ਦੌਰਾਨ ਅਸੀਂ ਵੇਖਿਆ ਸੀ ਕਿ ਉਸ ਨੇ ਮੁੱਖ ਮੰਤਰੀ ਵਾਲੇ ਸਾਰੇ ਕੰਮ ਇਹ ਸੋਚ ਕੇ ਵਿਸਾਰ ਦਿੱਤੇ ਸਨ ਕਿ ਆਪਾਂ ਨੂੰ ਜਿੱਤਣ ਦੀ ਲੋੜ ਨਹੀਂ ਅਤੇ ਚੋਣਾਂ ਜਦੋਂ ਵੀ ਹੋਣਗੀਆਂ ਤਾਂ ਸਰਕਾਰ ਆਪਣੇ ਰਿਸ਼ਤੇਦਾਰਾਂ ਦੀ ਆਉਣੀ ਹੈ। ਬੀਬੀ ਰਾਜਿੰਦਰ ਕੌਰ ਭੱਠਲ ਆਈ ਤਾਂ ਕਾਂਗਰਸ ਨੂੰ ਚੋਣ ਲੜਨ ਜੋਗੀ ਉਸ ਨੇ ਕੀਤਾ ਸੀ, ਵਰਨਾ ਸਾਰੀ ਪਾਰਟੀ ਵਿੱਚ ਬਿਸਤਰੇ ਲਪੇਟੇ ਜਾਣ ਦਾ ਮਾਹੌਲ ਬਣਿਆ ਪਿਆ ਸੀ।

ਇਸ ਵਾਰੀ ਪੰਜਾਬ ਵਿੱਚ ਅਜੇ ਹਰਚਰਨ ਸਿੰਘ ਬਰਾੜ ਦੇ ਸਮੇਂ ਵਾਲੀ ਗੱਲ ਭਾਵੇਂ ਨਹੀਂ ਜਾਪਦੀ, ਪਰ ਜਿਹੜੇ ਹਾਲਾਤ ਹਨ, ਜੇ ਇਸੇ ਤਰ੍ਹਾਂ ਸਰਕਾਰ ਚੱਲਦੀ ਰਹੀ ਤੇ ਇਸ ਦਾ ਕੋਈ ਖਸਮ-ਸਾਈਂ ਦਿਖਾਈ ਨਾ ਦਿੱਤਾ ਤਾਂ ਇਸ ਦੀ ਹਾਲਤ ਬਾਕੀ ਰਹਿੰਦੇ ਗਿਆਰਾਂ ਮਹੀਨਿਆਂ ਵਿੱਚ ਚੋਣ ਲੜਨ ਜੋਗੀ ਨਹੀਂ ਰਹਿ ਜਾਣੀ। ਕੁਝ ਮੰਤਰੀਆਂ ਦਾ ਸਾਰਾ ਜ਼ੋਰ ਅਗਲੀ ਚੋਣ ਤੋਂ ਪਹਿਲਾਂ ਅਜੇ ਤੱਕ ਉਣੀਆਂ ਗੋਲਕਾਂ ਭਰਨ ਵਾਸਤੇ ਲੱਗਾ ਪਿਆ ਹੈ ਅਤੇ ਕੁਝ ਵਿਧਾਇਕਾਂ ਨੇ ਵਿਕਾਸ ਕੰਮਾਂ ਵਿੱਚੋਂ ਹਿੱਸਾ-ਪੱਤੀ ਲੈਣ ਵੇਲੇ ਸਿਰਫ ਮੁੱਛਾਂ ਨਹੀਂ, ਪੂਰੇ ਬੂਥੇ ਲਿਬੇੜ ਰੱਖੇ ਹਨ, ਪਰ ਏਦਾਂ ਦੀ ਖਬਰ ਕਦੇ ਨਹੀਂ ਸੁਣੀ ਗਈ ਕਿ ਮੁੱਖ ਮੰਤਰੀ ਨੇ ਸੱਦ ਕੇ ਕਿਸੇ ਨੂੰ ਹੱਦਾਂ ਵਿੱਚ ਰਹਿਣ ਨੂੰ ਘੂਰਿਆ ਹੋਵੇ। 'ਥੋਥਾ ਚਨਾ, ਬਾਜੇ ਘਨਾ' ਦੀ ਹਿੰਦੀ ਕਹਾਵਤ ਵਾਂਗ ਇਸ ਵਕਤ ਇਸ ਸਰਕਾਰ ਵਿੱਚ ਜਿਹੜੇ ਸੱਜਣ ਸਭ ਤੋਂ ਵੱਧ ਬਦਨਾਮ ਹਨ, ਉਹ ਸਰਕਾਰ ਦੇ ਹਰ ਕੰਮ ਵਿੱਚ ਏਦਾਂ ਮੋਹਰੀ ਹਨ ਕਿ ਜਿਵੇਂ ਟਟੀਹਰੀ ਵਾਂਗ ਸਾਰਾ ਅਸਮਾਨ ਉਨ੍ਹਾਂ ਨੇ ਚੁੱਕਿਆ ਹੋਵੇ। ਆਪਣੇ ਆਲੇ-ਦੁਆਲੇ ਦੀਆਂ ਸਾਰੀਆਂ ਕਨਸੋਆਂ ਤੋਂ ਉਹ ਖੁਦ ਇੱਕਦਮ ਲਾਪਰਵਾਹ ਹਨ ਤੇ ਮੁੱਖ ਮੰਤਰੀ ਨੂੰ ਵੀ ਏਹੋ ਜਿਹੇ ਸਬਜ਼-ਬਾਗ ਵਿਖਾਉਂਦੇ ਸੁਣੀਂਦੇ ਹਨ ਕਿ ਹਰ ਪਾਸੇ ਹਰਾ-ਹਰਾ ਹੀ ਜਾਪਦਾ ਹੈ, ਪਰ ਹਕੀਕੀ ਹਾਲਤ ਕੂਕ-ਕੂਕ ਕੇ ਕਹਿੰਦੇ ਹਨ ਕਿ ਸਰਕਾਰ ਦੀ ਕਿਸ਼ਤੀ ਇਸ ਵੇਲੇ ਮੰਝਧਾਰ ਵਿੱਚ ਫਸਣ ਲਈ ਤਿਆਰ ਹੈ। ਲੋਕਾਂ ਕੋਲ ਜਾਣ ਲਈ ਜਿਹੜੇ ਕੰਮ ਇਸ ਸਰਕਾਰ ਨੂੰ ਕਰਨੇ ਬਣਦੇ ਹਨ, ਉਹ ਹੋ ਨਹੀਂ ਰਹੇ ਤੇ ਜਿਹੜੇ ਹੋ ਰਹੇ ਹਨ, ਉਹ ਚੰਗੀ ਸੇਧ ਵਿੱਚ ਨਹੀਂ।



ਬਹੁਤੀਆਂ ਗੱਲਾਂ ਦੀ ਬਜਾਏ ਇੱਕੋ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਹਾਈ ਕੋਰਟ ਦਾ ਫੈਸਲਾ ਪੜ੍ਹ ਲੈਣ ਅਤੇ ਇਸ ਨਾਲ ਜੁੜੇ ਸਾਰੇ ਘਟਨਾ ਕਰਮ ਨੂੰ ਘੋਖਣ ਨਾਲ ਪਤਾ ਲੱਗ ਜਾਂਦਾ ਹੈ ਕਿ ਸਰਕਾਰ ਵਰਗੀ ਕੋਈ ਕਮਾਂਡ ਪੰਜਾਬ ਵਿੱਚ ਕਿਤੇ ਰੜਕਦੀ ਹੀ ਨਹੀਂ। ਜਿਹੜੇ ਕੇਸ ਦੇ ਆਰੰਭ ਵਿੱਚ ਇਹ ਪ੍ਰਭਾਵ ਪੈਂਦਾ ਸੀ ਕਿ ਇਸ ਨਾਲ ਪਿਛਲੀ ਸਰਕਾਰ ਚਲਾਉਣ ਵਾਲਿਆਂ ਦੇ ਬਚਣ ਦਾ ਕੋਈ ਰਾਹ ਨਹੀਂ ਰਹਿ ਜਾਣਾ, ਅਜੋਕੇ ਪੜਾਅ ਉੱਤੇ ਆ ਕੇ ਇਹ ਪ੍ਰਭਾਵ ਬਣ ਗਿਆ ਹੈ ਕਿ ਇਸ ਸਰਕਾਰ ਦੇ ਅੱਧੇ ਤੋਂ ਵੱਧ ਪੁਰਜ਼ੇ ਪਿਛਲੀ ਸਰਕਾਰ ਵਾਲੇ ਹਾਕਮਾਂ ਦੇ ਇਸ਼ਾਰੇ ਉੱਤੇ ਘੁੰਮਦੇ ਹਨ ਤੇ ਹੋਰ ਜੋ ਮਰਜ਼ੀ ਹੋ ਜਾਵੇ, ਬਹੁਤੇ ਚਰਚਿਤ ਕੇਸਾਂ ਵਿੱਚ ਕੁਝ ਨਹੀਂ ਹੋਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਦੇ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਵਾਲੇ ਕੇਸਾਂ ਵਿੱਚ ਲੋਕਾਂ ਨੂੰ ਜਿੰਦਾਂ ਦੀ ਆਸ ਸੀ, ਜਦੋਂ ਓਦਾਂ ਦਾ ਕੁਝ ਹੋ ਨਹੀਂ ਰਿਹਾ ਤਾਂ ਕਾਂਗਰਸ ਦੇ ਵਿਧਾਇਕ ਅਤੇ ਮੰਤਰੀ ਵੀ ਕਹਿੰਦੇ ਹਨ ਕਿ ਅਗਲੀ ਵਾਰੀ ਲੋਕਾਂ ਵਿੱਚ ਜਾਣ ਵੇਲੇ ਔਖ ਬਹੁਤ ਹੋਵੇਗੀ। ਪੰਜ ਸਾਲ ਪਹਿਲਾਂ ਦੀਆਂ ਵਿਧਾਨ ਸਭਾਂ ਚੋਣਾਂ ਦਾ ਦੂਸਰਾ ਵੱਡਾ ਮੁੱਦਾ ਨਸ਼ੀਲੇ ਪਦਾਰਥਾ ਦਾ ਧੰਦਾ ਰੋਕਣ ਦਾ ਸੀ, ਜਿਸ ਨੂੰ ਕੋਈ ਰੋਕ ਨਹੀਂ ਪਈ ਅਤੇ ਮੌਜੂਦਾ ਸਰਕਾਰ ਦੇ ਵਿਧਾਇਕਾਂ ਉੱਤੇ ਸ਼ਰਾਬ ਦੀਆਂ ਨਾਜਾਇਜ਼ ਫੈਕਟਰੀਆਂ ਚਲਾਉਣ ਦੇ ਦੋਸ਼ ਪਿੰਡਾਂ ਦੀਆਂ ਸੱਥਾਂ ਵਿੱਚ ਆਮ ਲੱਗਦੇ ਹਨ। ਇਸ ਧੰਦੇ ਦੀ ਜਾਂਚ ਕਰਨ ਲਈ ਇੱਕ ਟਾਸਕ ਫੋਰਸ ਬਣਾਈ ਗਈ ਸੀ, ਉਸ ਦੀ ਫਾਈਲ ਕਦੀ ਕਿਸੇ ਨੇ ਚੁੱਕ ਕੇ ਨਹੀਂ ਵੇਖੀ ਤੇ ਚੋਣ ਸਿਰ ਉੱਤੇ ਆ ਗਈ ਹੈ।

ਇੱਕ ਮੁੱਦਾ ਕਿਸਾਨੀ ਸੰਘਰਸ਼ ਦਾ ਹੈ, ਜਿਸ ਕਾਰਨ ਕਿਸਾਨੀ ਕਿੱਤੇ ਨਾਲ ਜੁੜੇ ਹੋਏ ਮਜ਼ਦੂਰਾਂ, ਆੜ੍ਹਤੀਆਂ ਤੇ ਹੋਰ ਵਰਗਾਂ ਵਿੱਚ ਕੇਂਦਰ ਸਰਕਾਰ ਵਿਰੁੱਧ ਸਿਖਰਾਂ ਦੀ ਨਾਰਾਜ਼ਗੀ ਹੈ। ਪੰਜਾਬ ਦੀ ਮੌਜੂਦਾ ਸਰਕਾਰ ਚਲਾ ਰਹੀ ਧਿਰ ਇਸ ਦਾ ਲਾਭ ਮਿਲਣ ਦੀ ਝਾਕ ਰੱਖਦੀ ਹੈ, ਪਰ ਇਸ ਦਾ ਲਾਭ ਵੀ ਇਸ ਨੂੰ ਮਿਲਦਾ ਨਹੀਂ ਜਾਪਦਾ। ਆਖਰੀ ਸਾਲ ਵਿੱਚ ਸਰਕਾਰੀ ਮੁਲਾਜ਼ਮਾਂ ਦੇ ਵਧਦੇ ਰੋਸ ਬਾਰੇ ਵੀ ਰਾਜ ਕਰਦੀ ਪਾਰਟੀ ਅਜੇ ਤੱਕ ਇਸ ਤਰ੍ਹਾਂ ਅਵੇਸਲੀ ਹੈ ਕਿ ਉਸ ਦੇ ਕਿਸੇ ਆਗੂ ਨੇ ਕਦੀ ਉਨ੍ਹਾਂ ਨਾਲ ਕੋਈ ਬੈਠਕ ਕਰਨ ਜਾਂ ਰੋਸ ਸ਼ਾਂਤ ਕਰਨ ਦੀ ਲੋੜ ਨਹੀਂ ਸਮਝੀ। ਜਿਸ ਤਰ੍ਹਾਂ ਦੇ ਹਾਲਾਤ ਹਨ, ਉਨ੍ਹਾਂ ਵਿੱਚ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਰੋਸ ਕੁਝ ਘਟ ਵੀ ਸਕਦਾ ਹੈ।

ਵਿਰੋਧ ਦੀਆਂ ਦੋ ਮੁੱਖ ਪਾਰਟੀਆਂ ਵਿੱਚੋਂ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਆਪੋ-ਆਪਣੀ ਥਾਂ ਇਸ ਗੱਲ ਦੇ ਯਤਨ ਵਿੱਚ ਹਨ ਕਿ ਕਾਂਗਰਸ ਦੀ ਲਾਚਾਰਗੀ ਵਿੱਚੋਂ ਕਿਸੇ ਤਰ੍ਹਾਂ ਲਾਹਾ ਖੱਟ ਲਿਆ ਜਾਵੇ, ਪਰ ਇਹ ਵੀ ਯਤਨ ਹੀ ਹਨ, ਲੋਕਾਂ ਦਾ ਰੌਂਅ ਹਾਲੇ ਠਹਿਰ ਕੇ ਸਾਹਮਣੇ ਆਉਣਾ ਹੈ। ਓਦੋਂ ਤੱਕ ਸਰਕਾਰ ਦੀ ਨੀਤੀ ਅਤੇ ਨੀਤ ਬਾਰੇ ਲੋਕਾਂ ਨੂੰ ਇਸ ਦੇ ਕੋਟਕਪੂਰਾ ਤੇ ਬਹਿਬਲ ਕਲਾਂ ਮਾਮਲਿਆਂ ਵਿੱਚ ਅਗਲੇ ਪੈਂਤੜੇ ਤੋਂ ਸਮਝ ਆ ਜਾਣਾ ਹੈ। ਕਾਨੂੰਨੀ ਮਾਮਲਿਆਂ ਦੇ ਜਾਣਕਾਰ ਇਹ ਗੱਲ ਸਾਫ ਕਹੀ ਜਾਂਦੇ ਹਨ ਕਿ ਇਨ੍ਹਾਂ ਕੇਸਾਂ ਵਿੱਚ ਜਿੰਦਾਂ ਦੀ ਸਥਿਤੀ ਬਣ ਗਈ ਹੈ, ਉਸ ਨੂੰ ਕੋਈ ਵੱਡਾ ਮੋੜ ਦੇਣ ਵਾਲਾ ਰਾਹ ਮੌਜੂਦਾ ਸਰਕਾਰ ਨੂੰ ਸ਼ਾਇਦ ਲੱਭ ਨਹੀਂ ਸਕਣਾ। ਜਦੋਂ ਇਸ ਬਾਰੇ ਕੁਝ ਕਰਨ ਦਾ ਵਕਤ ਸੀ, ਓਦੋਂ ਸਰਕਾਰ ਜਾਂ ਸਰਕਾਰੀ ਵਿਭਾਗਾਂ ਦੇ ਪੱਧਰ ਉੱਤੇ ਏਨੀ ਜ਼ਿਆਦਾ ਲਾਪਰਵਾਹੀ ਵਿਖਾਈ ਗਈ ਹੈ ਕਿ ਪੈ ਚੁੱਕੇ ਵਿਗਾੜ ਨੂੰ ਤੋਪੇ ਲਾਉਣ ਵਾਲਾ ਟੇਲਰ ਮਾਸਟਰ ਨਹੀਂ ਮਿਲਣਾ। ਸਰਕਾਰ ਦਾ ਆਖਰੀ ਸਾਲ ਹੋਣ ਕਰ ਕੇ ਇਸ ਵਕਤ ਇਸ ਦੇ ਆਖੇ ਉੱਤੇ ਨਵੀਂ ਜਾਂਚ ਕਰਨ ਲਈ ਫਾਈਲਾਂ ਚੁੱਕਣ ਤੇ ਆਪਣਾ ਸਿਰ ਫਸਾਉਣ ਦੇ ਲਈ ਬਹੁਤੇ ਅਫਸਰਾਂ ਨੇ ਮੰਨਣਾ ਨਹੀਂ ਤੇ ਉਹ ਇੱਕ ਜਾਂ ਦੂਸਰੇ ਬਹਾਨੇ ਨਾਲ ਏਦਾਂ ਦੀ ਜ਼ਿੰਮੇਵਾਰੀ ਟਾਲਣਗੇ, ਤਾਂ ਕਿ ਅਗਲੀ ਵਾਰ ਜਿਹੜੀ ਵੀ ਸਰਕਾਰ ਬਣ ਜਾਵੇ, ਉਸ ਨਾਲ ਵਿਗਾੜ ਪੈਣ ਤੋਂ ਬਚੇ ਰਹਿਣ। ਨਤੀਜਾ ਇਸ ਹਾਲਤ ਦਾ ਇਹ ਹੈ ਕਿ ਜਿਨ੍ਹਾਂ ਨੇ ਚਾਰ ਸਾਲ ਪਹਿਲਾਂ ਇਹ ਐਲਾਨ ਕਰ ਕੇ ਸਰਕਾਰ ਬਣਾਈ ਸੀ ਕਿ ਫਲਾਣੇ-ਫਲਾਣੇ ਨੂੰ ਜੇਲ੍ਹਾਂ ਵਿੱਚ ਪਾਵਾਂਗੇ, ਅੱਜ ਉਨ੍ਹਾਂ ਦੇ ਆਪਣੇ ਕਰਤੇ-ਧਰਤਿਆਂ ਨੂੰ ਉਹੀ ਫਲਾਣੇ-ਫਲਾਣੇ ਮੋੜਵੀਂ ਧਮਕੀ ਦੇਣ ਲੱਗ ਪਏ ਹਨ ਅਤੇ ਬੁਰੀ ਤਰ੍ਹਾਂ ਪਾਟੀ ਹੋਈ ਕਾਂਗਰਸ ਪਾਰਟੀ ਉਨ੍ਹਾਂ ਦਾ ਸਾਹਮਣਾ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੀ ਜਾਪਦੀ ਹੈ।

ਪੱਤਰਕਾਰ ਦੇ ਤੌਰ ਉੱਤੇ ਸਾਨੂੰ ਇਸ ਦਾ ਫਰਕ ਨਹੀਂ ਪੈਂਦਾ ਕਿ ਸਰਕਾਰ ਕਿਸ ਦੀ ਬਣੇਗੀ, ਪਰ ਲੋਕ ਤਾਂ ਲੋਕ ਹਨ, ਉਹ ਇਹ ਜ਼ਰੂਰ ਸੋਚਦੇ ਹਨ ਕਿ ਜਿਸ ਵਾਅਦੇ ਨਾਲ ਇਹ ਸਰਕਾਰ ਬਣੀ ਸੀ, ਜੇ ਇਸ ਨੇ ਉਸ ਦਾ ਚੇਤਾ ਭੁਲਾ ਛੱਡਿਆ ਹੈ ਤਾਂ ਇਸ ਕਿੱਲੇ ਨਾਲ ਮੁੜ ਕੇ ਬੱਝਣ ਦਾ ਕੀ ਲਾਭ? ਜਿਹੜੀ ਗੱਲ ਆਮ ਲੋਕਾਂ ਲਈ ਔਕੜ ਪੈਦਾ ਕਰਨ ਵਾਲੀ ਹੈ, ਉਹ ਇਹ ਕਿ ਉਹ ਅਜੇ ਦੁਚਿੱਤੀ ਵਿੱਚ ਹਨ ਕਿ ਜੇ ਇਹ ਨਹੀਂ ਤਾਂ ਦੂਸਰੀ ਕਿਹੜੀ ਧਿਰ ਵੱਲ ਮੂੰਹ ਕੀਤਾ ਜਾਵੇ? ਜਦੋਂ ਏਦਾਂ ਦਾ ਮਾਹੌਲ ਹੋਵੇ ਤਾਂ ਉਸ ਵੇਲੇ ਇੰਦਰਾ ਗਾਂਧੀ ਵਰਗੀ ਲੀਡਰ ਨੂੰ ਹਰਾ ਕੇ ਰਾਜ ਨਾਰਾਇਣ ਵਰਗਾ ਵੀ ਜਿੱਤ ਜਾਇਆ ਕਰਦਾ ਹੈ। ਇਹ ਨਹੀਂ ਤਾਂ ਏਹੋ ਜਿਹਾ ਕੁਝ ਹੋਰ ਸਹੀ, ਪੰਜਾਬ ਵਿੱਚ ਵੀ ਕੁਝ ਹੋ ਸਕਦਾ ਹੈ।

## 24 ਅਪ੍ਰੈਲ ਨੂੰ ਜਨਮ ਦਿਨ 'ਤੇ ਵਿਸ਼ੇਸ਼

# ਬੰਦ ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ

ਡਾ. ਚਰਨਜੀਤ ਸਿੰਘ ਗੁਮਟਾਲਾ,
9417533060


ਭਾਈ ਮਨੀ ਸਿੰਘ ਦਾ ਜਨਮ 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰਵੀਂ (10 ਮਾਰਚ 1644 ਈ.) ਨੂੰ ਮੁਲਤਾਨ (ਹੁਣ ਪਾਕਿਸਤਾਨ) ਦੇ ਨੇੜੇ ਪਿੰਡ ਅਲੀਪੁਰ ਵਿਖੇ ਭਾਈ ਮਤੀ ਦਾਸ ਦੇ ਗ੍ਰਿਹਿ ਵਿਖੇ ਬੀਬੀ ਮਧਰੀ ਬਾਈ ਦੀ ਕੁੱਖੋਂ ਹੋਇਆ।ਭਾਈ ਮਨੀ ਸਿੰਘ ਦੇ ਦਾਦਾ ਭਾਈ ਬਲੂ ਰਾਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਜਰਨੈਲ ਸਨ ਤੇ ਤੇ ਮੁਗਲਾਂ ਨਾਲ 1628 ਈ.ਵਿਚ ਜੰਗ ਲੜਦੇ ਅੰਮ੍ਰਿਤਸਰ ਵਿਚ ਸ਼ਹੀਦੀ ਪਾ ਗਏ ਸਨ।

ਉਹ 13 ਵਰ੍ਹਿਆਂ ਦੀ ਉਮਰ ਵਿੱਚ ਆਪਣੇ ਪਿਤਾ ਮਤੀ ਦਾਸ ਨਾਲ ਸਤਵੇਂ ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ।ਕੀਰਤਪੁਰ ਉਹ ਗੁਰੂ ਦਰਬਾਰ ਵਿੱਚ ਦੋ ਸਾਲ ਰਹੇ। ਉੱਥੇ ਉਹ ਲੰਗਰ ਦੇ ਬਰਤਨ ਮਾਂਜਣ ਦੀ ਸੇਵਾ ਨਿਭਾਉਂਦੇ ਸਨ ਅਤੇ ਬਾਣੀ ਦਾ ਪਾਠ ਕਰਦੇ ਰਹਿੰਦੇ ਸਨ।

ਪੰਦਰਾਂ ਸਾਲ ਦੀ ਉਮਰ ਵਿਚ ਆਪਦਾ ਵਿਆਹ ਲੱਖੀ ਸ਼ਾਹ ਵਣਜਾਰਾ ਦੀ ਪੁਤਰੀ ਸੀਤੋ ਨਾਲ ਹੋਇਆ ।ਵਿਆਹ ਤੋਂ ਪਿੱਛੋਂ ਕੁਝ ਸਮਾਂ ਆਪਣੇ ਘਰ ਰਹੇ ਤੇ ਫਿਰ ਆਪਣੇ ਵੱਡੇ ਦੋ ਭਰਾਵਾਂ ਭਾਈ ਜੇਠਾ ਤੇ ਭਾਈ ਦਿਆਲਾ ਨਾਲ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਬਾਰ ਵਿੱਚ ਕੀਰਤਪੁਰ ਪਹੁੰਚੇ ਤੇ ਲੰਗਰ ਦੀ ਸੇਵਾ ਵਿੱਚ ਲੱਗ ਗਏ।ਸ੍ਰੀ ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤ ਸਮਾਉਣ 'ਤੇ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿੱਚ ਰਹੇ ਤੇ ਉਨ੍ਹਾਂ ਨਾਲ ਦਿੱਲੀ ਵੀ ਗਏ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਮਾਤਾ (ਸ੍ਰੀ ਗੁਰੂ ਹਰਿ ਰਾਇ ਜੀ ਦੀ ਸੁਪਤਨੀ-ਮਾਤਾ ਸੁਲਖਣੀ) ਨਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨਾਂ ਲਈ ਬਕਾਲੇ ਆਏ। ਉਸ ਸਮੇਂ ਉਨ੍ਹਾਂ ਦੀ ਉਮਰ 20 ਸਾਲ ਦੀ ਸੀ। ਉਨ੍ਹਾਂ ਦੇ ਦੋਵੇਂ ਭਰਾ ਭਾਈ ਜੇਠਾ ਜੀ ਤੇ ਭਾਈ ਦਿਆਲਾ ਜੀ ਤਾਂ ਗੁਰੂ ਦਰਬਾਰ ਵਿੱਚ ਹੀ ਰਹੇ ਪਰ ਆਪ ਕੁਝ ਸਮਾਂ ਬਕਾਲੇ ਰਹਿ ਕੇ ਤੁਲਸੀ, ਸ੍ਰੀ ਚੰਦ, ਨਠੀਆ, ਚੰਦਨ, ਰਾਏ ਅਤੇ ਊਦਾ ਆਦਿਕ ਸਿੱਖਾਂ ਨਾਲ ਅਲੀਪੁਰ ਵਾਪਸ ਆ ਗਏ। ਕੁਝ ਸਮਾਂ ਉੱਥੇ ਰਹਿਣ ਪਿੱਛੋਂ ਭਾਈ ਸਾਹਿਬ ਪ੍ਰਵਾਰ ਸਮੇਤ 1729 ਬਿ. (ਸੰਨ 1672) ਦੇ ਚੇਤਰ ਮਹੀਨੇ ਆਨੰਦਪੁਰ ਪਹੁੰਚੇ ਅਤੇ ਨੌਵੇਂ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਏ।

ਕਸ਼ਮੀਰ ਦੇ ਪੰਡਿਤਾਂ ਦੀ ਪੁਕਾਰ ਸੁਣ ਕੇ ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਿੱਲੀ ਨੂੰ ਗਏ, ਉਦੋਂ ਭਾਈ ਦਿਆਲਾ, ਊਦਾ ਅਤੇ ਚਾਰ ਹੋਰ ਸਿੱਖ ਗੁਰੂ ਸਾਹਿਬ ਨਾਲ ਦਿੱਲੀ ਗਏ ਅਤੇ ਜੇਠਾ ਤੇ ਭਾਈ ਮਨੀ ਸਿੰਘ ਆਦਿ ਸਿੱਖ ਬਾਲਕ ਗੋਬਿੰਦ ਰਾਏ ਪਾਸ ਆਨੰਦਪੁਰ ਹੀ ਰਹੇ।

ਉਸ ਸਮੇਂ ਭਾਈ ਮਨੀ ਸਿੰਘ ਦੀ ਉਮਰ 35 ਸਾਲ ਸੀ। ਉਹ ਬੜੇ ਹਠੀ, ਤਪੱਸਵੀ, ਪੋਥੀਆਂ ਦੇ ਲਿਖਾਰੀ, ਯੁੱਧ ਵਿੱਚ ਤਾਕ ਅਤੇ ਸਿੱਖੀ ਸਿਦਕ ਵਿੱਚ ਯਕੀਨ ਰੱਖਣ ਵਾਲੇ ਸਨ ।ਗੁਰੂ ਦਰਬਾਰ ਵਿੱਚ ਉਨ੍ਹਾਂ ਦੀ ਬੜੀ ਮਹੱਤਤਾ ਸੀ। ਉਨ੍ਹਾਂ ਨੂੰ ਬਾਵਨ ਕਵੀਆਂ ਵਿੱਚ ਵੀ ਗਿਣਿਆ ਜਾਂਦਾ ਸੀ।



ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੇ ਭੰਗਾਣੀ ਅਤੇ ਨਦੌਣ ਦੀ ਲੜਾਈ ਵਿਚ ਜੌਹਰ ਵਿਖਾਉਣ ਕਰਕੇ ਦਸਮ ਪਾਤਸ਼ਾਹ ਨੇ ਸੰਮਤ 1748 (1691 ਈ.) ਨੂੰ ਵਿਸਾਖੀ ਵਾਲੇ ਦਿਨ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖ਼ਸ਼ੀ।

ਸੰਮਤ 1752 ਬਿ. (1695 ਈ.) ਵਿੱਚ ਹੁਸੈਨ ਖ਼ਾਨ ਨਾਲ ਹੋਏ ਗੁਰੂ ਜੀ ਦੇ ਯੁੱਧ ਵਿੱਚ ਵੀ ਭਾਈ ਮਨੀ ਸਿੰਘ ਸ਼ਾਮਲ ਹੋਏ। ਇਸ ਤਰ੍ਹਾਂ ਲਗਭਗ ਉਹ ਸਾਰੇ ਯੁੱਧਾਂ ਵਿੱਚ ਸ਼ਾਮਲ ਹੋਏ ਤੇ ਆਪਣੇ ਜੌਹਰ ਵਿਖਾਏ। ਅਜਿਹਾ ਕਰਨ ਨਾਲ ਉਨ੍ਹਾਂ ਦਾ ਸਾਰੇ ਸਿੱਖਾਂ ਵਿਚ ਅਤੇ ਗੁਰੂ ਦਰਬਾਰ ਵਿੱਚ ਵਿਸ਼ੇਸ਼ ਆਦਰ ਸਤਿਕਾਰ ਹੋਣ ਲੱਗਾ। ਉਹ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਵਿੱਚ ਵਿਸ਼ੇਸ਼ ਰੁਚੀ ਰੱਖਦੇ ਸਨ। ਇਸ ਤਰ੍ਹਾਂ ਉਹ ਆਪਣੇ ਯੁੱਗ ਦੇ ਸਰਵ ਪ੍ਰਮੁੱਖ ਅਤੇ ਪ੍ਰਤਿਸ਼ਠਿਤ ਕਥਾ ਵਾਚਕ ਸਿੱਧ ਹੁੰਦੇ ਹਨ।

1756 ਬਿ. (1699 ਈ. ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਭਾਈ ਮਨੀ ਸਿੰਘ ਨੇ ਵੀ ਅੰਮ੍ਰਿਤਪਾਨ ਕੀਤਾ ਤੇ ਉਹ ਭਾਈ ਮਨੀ ਰਾਮ ਤੋਂ ਭਾਈ ਮਨੀ ਸਿੰਘ ਬਣ ਗਏ। । ਉਸ ਸਮੇਂ ਉਨ੍ਹਾਂ ਦੇ ਭਰਾਵਾਂ ਅਤੇ ਪੰਜ ਪੁੱਤਰਾਂ ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ ਨੇ ਅੰਮ੍ਰਿਤ ਛਕਿਆ ।

ਅੰਮ੍ਰਿਤਸਰ ਵਿਚ ਸੋਢੀ ਹਰਿ ਜੀ ਦੀ ਮ੍ਰਿਤੂ 20 ਵਿਸਾਖ 1753 ਬਿ. (1696 ਈ.) ਵਿੱਚ ਹੋਈ ਸੀ। ਇਸ ਪਿੱਛੋਂ ਸੋਢੀਆਂ ਵਿੱਚ ਆਪਸ ਵਿੱਚ ਵਿੱਥਾਂ ਪੈ ਗਈਆਂ ਸਨ।1755 ਬਿ. ਨੂੰ ਵਿਸਾਖੀ ਦੀ ਜੁੜੀ ਸੰਗਤ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦੀ ਸੇਵਾ ਦਾ ਆਦੇਸ਼ ਦਿੱਤਾ। ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਮੀਣਿਆਂ ਵੱਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਤੇ ਸਿੱਖੀ ਦੀ ਮਰਿਆਦਾ ਨੂੰ ਮੁੜ ਬਹਾਲ ਕੀਤਾ। ਸੰਗਤਾਂ ਦੂਰੋਂ ਦੂਰੋਂ ਆਉਣ ਲੱਗੀਆਂ ਤੇ ਰੌਣਕ ਵੱਧਣ ਲੱਗੀ।ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੋਂ ਬਾਦ ਇਹ ਤੀਸਰੇ ਹੈੱਡ ਗ੍ਰੰਥੀ ਬਣੇ ।

ਭਾਈ ਮਨੀ ਸਿੰਘ ਅੰਮ੍ਰਿਤਸਰ ਕਈ ਸਾਲ ਰਹੇ ਤੇ ਕਈ ਵਾਰ ਆਨੰਦਪੁਰ ਸਾਹਿਬ ਵੀ ਗਏ। ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਹੁਕਮਨਾਮਾ ਵੀ ਦਿੱਤਾ। ਹੁਕਮਨਾਮਾ ਪ੍ਰਾਪਤ ਕਰਕੇ ਭਾਈ ਮਨੀ ਸਿੰਘ ਗੁਰੂ ਜੀ ਦੀ ਆਗਿਆ ਲੈ ਕੇ ਅੰਮ੍ਰਿਤਸਰ ਆ ਗਏ। ਇੱਧਰ ਆਨੰਦਪੁਰ ਵਿੱਚ ਯੁੱਧ ਕਰਨ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇਸ਼ ਵੱਲ ਨਿਕਲ ਗਏ। ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਵਿੱਚ ਸੂਚਨਾ ਮਿਲੀ ਕਿ ਵੈਰੀਆਂ ਨਾਲ ਹੋਏ ਯੁੱਧਾਂ ਵਿੱਚ ਗੁਰੂ ਜੀ ਦੇ ਮਾਤਾ ਜੀ, ਚਾਰ ਸਾਹਿਬਜਾਦੇ ਅਤੇ ਹੋਰ ਅਨੇਕ ਸਿੰਘ ਸ਼ਹੀਦ ਹੋ ਗਏ ਸਨ ਤੇ ਇਨ੍ਹਾਂ ਵਿਚ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸ਼ਾਮਲ ਸਨ।

ਜਦੋਂ ਗੁਰੂ ਜੀ ਮਾਲਵੇ ਖੇਤਰ ਵਿੱਚ ਸਾਬੋ ਕੀ ਤਲਵੰਡੀ ਪਹੁੰਚੇ ਤਾਂ ਭਾਈ ਮਨੀ ਸਿੰਘ ਵੀ ਸੰਗਤ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚੇ। ਉੱਥੋਂ ਗੁਰੂ ਜੀ ਨਾਲ ਦੱਖਣ ਵੱਲ ਗਏ। ਬਘੌਰ ਰਾਜਸਥਾਨ ਨਾਂ ਦੇ ਕਸਬੇ ਤੋਂ ਭਾਈ ਮਨੀ ਸਿੰਘ, ਰਾਮ ਕੌਰ, ਭਾਈ ਗੁਰਬਖ਼ਸ਼ ਸਿੰਘ ਆਦਿ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਵਾਪਸ ਭੇਜ ਦਿੱਤਾ। ਅੰਮ੍ਰਿਤਸਰ ਵਾਪਸ ਆ ਕੇ ਭਾਈ ਮਨੀ ਸਿੰਘ ਨੇ ਸਿੱਖਾਂ ਨੂੰ ਵਿਸ਼ੇਸ਼ ਸਾਖੀਆਂ ਸੁਣਾ ਕੇ ਧੀਰਜ ਦੇਣਾ ਸ਼ੁਰੂ ਕਰ ਦਿੱਤਾ।1705 ਤੋਂ 1706ਈ.ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਚ ਭਾਈ ਮਨੀ ਸਿੰਘ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਛੇ ਸਾਲ ਪਿੱਛੋਂ ਸਿੱਖਾਂ ਦੇ ਦੋ ਧੜੇ ਬਣ ਗਏ।ਭਾਈ ਮਨੀ ਸਿੰਘ ਨੇ ਦੋਵਾਂ ਵਿਚ ਏਕਤਾ ਕਰਵਾਈ। ਪੰਥਕ ਏਕਤਾ ਦੇ ਤਿੰਨ ਕੁ ਮਹੀਨੇ ਪਿੱਛੋਂ ਮਾਘ ਸੁਦੀ ਚੌਥ ਸੰਮਤ 1780 ਬਿ. (1723 ਈ.) ਨੂੰ ਅਚਾਨਕ ਦਿੱਲੀ ਵਿੱਚ ਇੱਕ ਘਟਨਾ ਵਾਪਰੀ ਜਿਸ ਵਿੱਚ ਬਾਬਾ ਅਜੀਤ ਸਿੰਘ ਨੂੰ ਹੋਰ ਸੱਠ ਜੁਝਾਰੂ ਸਿੰਘਾਂ ਸਮੇਤ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਮਾਤਾ ਸੁੰਦਰੀ ਜੀ ਬਾਬਾ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਨੂੰ ਲੈ ਕੇ ਦਿੱਲੀਓਂ ਭਰਤ ਗੜ੍ਹ ਦੇ ਰਸਤੇ ਮਥਰਾ ਨੂੰ ਨਿਕਲ ਗਏ। ਸਿੱਖਾਂ ਉਪਰ ਹਰ ਪਾਸਿਓਂ ਮੁਸੀਬਤ ਦੇ ਪਹਾੜ ਟੁੱਟ ਪਏ। ਸਿੰਘ ਇੱਧਰ ਉਧਰ ਪਹਾੜਾਂ ਵੱਲ ਨੂੰ ਚਲੇ ਗਏ। ਭਾਈ ਮਨੀ ਸਿੰਘ ਦੀ ਉਮਰ ਉਸ ਸਮੇਂ 90 ਸਾਲ ਸੀ। ਉਹ ਅੰਮ੍ਰਿਤਸਰ ਹੀ ਰਹੇ। ਉਸ ਸਮੇਂ ਅੰਮ੍ਰਿਤਸਰ ਵਿੱਚ ਦੀਵਾਲੀ ਦਾ ਪੁਰਬ ਮਨਾਉਣ 'ਤੇ ਮੁਗਲਾਂ ਨੇ ਕੁਝ ਸਾਲਾਂ ਤੋਂ ਰੋਕ ਲਾਈ ਹੋਈ ਸੀ। ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ। ਇਸ ਨੂੰ ਮਨਾਉਣ ਲਈ ਭਾਈ ਸਾਹਿਬ ਲਾਹੌਰ ਗਏ। ਉਨ੍ਹਾਂ ਸ. ਸੁਬੇਗ ਸਿੰਘ, ਸ. ਸੂਰਤ ਸਿੰਘ ਆਦਿ ਲਾਹੌਰ ਦੇ ਨਿਵਾਸੀ ਨਾਮੀ ਸਿੰਘਾਂ ਰਾਹੀਂ ਦੀਵਾਲੀ ਦਾ ਮੇਲਾ ਮਨਾਉਣ ਲਈ ਸੂਬੇਦਾਰ ਜ਼ਕਰੀਆ ਖ਼ਾਨ ਨਾਲ ਗੱਲ ਤੋਰੀ।ਸੂਬੇ ਨੇ ਮੇਲੇ ਦੀ ਇਜਾਜ਼ਤ ਦੇਣ ਲਈ 5000 ਰੁਜ਼ਜ਼ੀਆ (ਕਰ) ਮੰਗਿਆ। ਭਾਈ ਸਾਹਿਬ ਮੇਲੇ ਦੇ ਬਾਅਦ ਇਹ ਕਰ ਦੇਣਾ ਮੰਨ ਗਏ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਤੇ ਸੂਬੇ ਨੂੰ ਉਕਸਾਇਆ ।

ਸਾਜਿਸ਼ ਦਾ ਪਤਾ ਲੱਗਣ 'ਤੇ ਲਾਹੌਰ ਨਿਵਾਸੀਆਂ ਨੇ ਭਾਈ ਮਨੀ ਸਿੰਘ ਨੂੰ ਸੂਚਿਤ ਕੀਤਾ। ਮੁਸਲਮਾਨ ਅਧਿਕਾਰੀਆਂ ਦੀ ਮਾੜੀ ਨੀਅਤ ਵੇਖ ਕੇ ਭਾਈ ਮਨੀ ਸਿੰਘ ਨੇ ਤੁਰੰਤ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਸੰਗਤ ਨਾ ਆਈ ਤੇ ਫ਼ੌਜਦਾਰ ਲਖਪਤ ਰਾਇ ਝਖ ਮਾਰ ਕੇ ਵਾਪਸ ਪਰਤ ਗਿਆ। ਦਰਬਾਰ ਸਾਹਿਬ ਚੜ੍ਹਤ ਬਹੁਤ ਘਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ।

ਸੂਬੇ ਨੇ ਕਰ ਨਾ ਮਿਲਣ 'ਤੇ ਭਾਈ ਮਨੀ ਸਿੰਘ ਦੀ ਜਵਾਬ ਤਲਬੀ ਕੀਤੀ। ਭਾਈ ਸਾਹਿਬ ਨੇ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜਾਰਾ ਸਿੰਘ ਰਾਹੀਂ ਲਾਹੌਰ ਦੇ ਸੂਬੇਦਾਰ ਨੂੰ ਸੂਚਿਤ ਕੀਤਾ ਕਿ ਚੜ੍ਹਤ ਘਟ ਚੜ੍ਹੀ ਹੈ, ਇਸ ਲਈ ਰਕਮ ਅਦਾ ਕਰਨੀ ਸੰਭਵ ਨਹੀਂ।


ਸਿੱਟੇ ਵਜੋਂ ਲਾਹੌਰ ਦੀ ਫ਼ੌਜ ਨੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀਂ ਸਿੱਖਾਂ ਨੂੰ ਫੜ੍ਹ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ ਤੇੜੇ ਦੇ ਸਿੱਖ ਵੀ ਫੜ੍ਹ ਲਏ ਗਏ ਅਤੇ ਸਭ ਸਿੱਖਾਂ ਦੇ ਘਰ ਬਾਰ ਲੁਟ ਲਏ ਗਏ। ਸਭ ਪਾਸੇ ਹਾਹਾਕਾਰ ਮੱਚ ਗਈ। ਮਾੜੇ ਹਾਲਾਤਾਂ ਨੂੰ ਵੇਖਦੇ ਹੋਏ ਭਾਈ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵੱਲ ਚਲੇ ਗਏ। ਲਾਹੌਰ ਦੇ ਸੂਬੇ ਨੇ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਤੇ ਹੱਡੀਆਂ ਆਦਿ ਨਾਲ ਪੂਰ ਦਿੱਤਾ।

ਲਾਹੌਰ ਦੇ ਦੇ ਜੇਲ ਖਾਨੇ ਵਿੱਚ ਭਾਈ ਮਨੀ ਨੂੰ ਨਿਤਪ੍ਰਤਿ ਕਥਾ ਸੁਣਾਉਂਦੇ। ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿੰਘ ਆਦਿ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਨਾਲ ਬਹੁਤ ਕਸ਼ਟ ਅਤੇ ਦੁੱਖ ਦਿੱਤਾ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਵੀਂ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਮੇਤ ਨਿਖਾਸ ਚੌਂਕ ਜਿੱਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ ਵਿੱਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਕਾਂਡ ਫਿਰ ਚਰਚਾ ਵਿੱਚ

ਪਿਛਲੀ ਪੰਜਾਬ ਸਰਕਾਰ, ਜਿਸ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਨ, ਦੇ ਰਾਜ ਵੇਲੇ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕਾਂਡ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ। ਤਾਜ਼ਾ ਖ਼ਬਰਾਂ ਦੇ ਅਨੁਸਾਰ ਇਸ ਦਾ ਕਾਰਨ ਇਹ ਹੈ ਕਿ ਇਸ ਕਾਂਡ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਜੋ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਸੀ, ਉਸ ਨੂੰ ਅਤੇ ਉਸ ਵੱਲੋਂ ਚਾਰ ਸਾਲਾਂ ਵਿੱਚ ਕੀਤੀ ਗਈ ਜਾਂਚ ਦੀ ਰਿਪੋਰਟ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਅਦਾਲਤੀ ਫੈਸਲੇ ਦਾ ਸਵਾਗਤ ਕੀਤਾ ਅਤੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੂੰ ਬਦਨਾਮ ਕਰਨ ਦੀ ਜੋ ਸਾਜ਼ਿਸ਼ ਕੀਤੀ ਸੀ, ਉਹ ਅਸਫਲ ਹੋ ਗਈ ਹੈ। ਇਸਦੇ ਨਾਲ ਉਨ੍ਹਾਂ ਦਾਅਵਾ ਕੀਤਾ ਕਿ ਜਿਹੜਾ ਅਕਾਲੀ ਦਲ ਸੌ ਸਾਲਾਂ ਤੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਭਾਉਂਦਾ ਆ ਰਿਹਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਿਵੇਂ ਕਰ ਜਾਂ ਕਰਵਾ ਸਕਦਾ ਹੈ? ਇਸ ਦੇ ਵਿਰੁੱਧ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੱਤੀ ਹੈ ਕਿ ਉਹ ਅਦਾਲਤ ਦੇ ਇਸ ਫੈਸਲੇ ਉੱਤੇ ਜਸ਼ਨ ਨਾ ਮਨਾਉਣ, ਅਜੇ ਇਸ ਕਾਂਡ ਦਾ ਚੈਪਟਰ ਬੰਦ ਨਹੀਂ ਹੋਇਆ। ਉਨ੍ਹਾਂ ਨੇ ਇਹ ਸੰਕੇਤ ਵੀ ਦਿੱਤਾ ਕਿ ਉਹ ਹਾਈ ਕੋਰਟ ਦੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਜਾ ਸਕਦੇ ਹਨ ਤੇ ਉਨ੍ਹਾਂ ਨੇ ਇਸ ਕਾਂਡ ਦੀ ਜਾਂਚ ਲਈ ਨਵੀਂ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਵੀ ਸੰਕੇਤ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨੇ ਉੱਤੇ ਲੈਂਦੇ ਹੋਏ ਕਿਹਾ ਕਿ ਇਹ ਫੈਸਲਾ ਉਨ੍ਹਾਂ ਦੀ ਬਾਦਲ ਪਰਵਾਰ ਦੇ ਨਾਲ ਗੰਢਤੁੱਪ ਦਾ ਨਤੀਜਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਜੋ ਘਟਨਾਵਾਂ ਪੰਜਾਬ ਵਿੱਚ ਹੋਈਆਂ ਸਨ, ਉਨ੍ਹਾਂ ਦੇ ਕਾਰਨਾਂ ਅਤੇ ਉਨ੍ਹਾਂ ਦੇ ਲਈ ਜ਼ਿੰਮੇਵਾਰਾਂ ਦੀ ਪਛਾਣ ਨੂੰ ਚਿੱਟੇ ਦਿਨ ਵਾਂਗ ਸਾਫ ਮੰਨਿਆ ਜਾ ਰਿਹਾ ਸੀ। ਸਿੱਖ ਜਥੇਬੰਦੀਆਂ ਦੀ ਮਾਨਤਾ ਹੈ ਕਿ ਇਹ ਘਟਨਾਵਾਂ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਉੱਤੇ ਦਬਾਅ ਪਾ ਕੇ ਕਰਵਾਏ ਉਨ੍ਹਾਂ ਫੈਸਲਿਆਂ ਦਾ ਨਤੀਜਾ ਸਨ, ਜਿਨ੍ਹਾਂ ਹੇਠ ਇੱਕ ਹੁਕਮ ਰਾਹੀਂ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਂਗ ਧਾਰਨ ਲਈ ਕੀਤੇ ਗੁਨਾਹ ਨੂੰ ਮੁਆਫ਼ ਗਿਆ ਅਤੇ ਫਿਰ ਸਿੱਖਾਂ ਵੱਲੋਂ ਕੀਤੇ ਭਾਰੀ ਵਿਰੋਧ ਦੇ ਕਾਰਨ ਦੂਸਰੇ ਹੁਕਮ ਹੇਠ ਪਹਿਲੇ ਹੁਕਮ ਨੂੰ ਵਾਪਸ ਲੈ ਲਿਆ ਗਿਆ ਸੀ। ਇਸ ਪਿੱਛੋਂ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਹੋਣ ਲੱਗੀਆਂ ਤੇ ਇਨ੍ਹਾਂ ਦੇ ਦੋਸ਼ੀਆਂ ਦੇ ਪੰਜਾਬ ਪੁਲਸ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਸਿੱਖਾਂ ਵਿੱਚ ਸਮੇਂ ਦੀ ਸਰਕਾਰ ਵਿਰੁੱਧ ਡੂੰਘਾ ਰੋਸ ਪੈਦਾ ਹੋਇਆ, ਜਿਸ ਦੇ ਕਾਰਨ ਸਿੱਖ ਜਥੇਬੰਦੀਆਂ ਨੇ 'ਨਾਮ ਸਿਮਰਨ' ਕਰਦੇ ਹੋਏ ਸ਼ਾਂਤਮਈ ਧਰਨੇ ਦਿੱਤੇ ਜਾਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਜਦ ਪੁਲਸ ਅਤੇ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਿੱਖਾਂ ਦਾ ਗੁੱਸਾ ਸ਼ਾਂਤ ਨਾ ਹੋਇਆ ਤਾਂ ਇਕਦਮ ਬਹਿਬਲ ਕਲਾਂ ਵਿੱਚ 'ਨਾਮ ਸਿਮਰਨ' ਕਰ ਕੇ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ ਉੱਤੇ ਪੁਲਸ ਵੱਲੋਂ ਗੋਲੀ ਚਲਾ ਦਿੱਤੀ ਗਈ, ਜਿਸ ਨਾਲ ਇੱਕ ਸਿੱਖ ਨੌਜਵਾਨ ਮਾਰਿਆ ਗਿਆ ਤੇ ਕਈ ਹੋਰ ਜ਼ਖ਼ਮੀ ਹੋ ਗਏ। ਇਸ ਨਾਲ ਸਰਕਾਰ ਦੇ ਵਿਰੁੱਧ ਸਿੱਖਾਂ ਦਾ ਗੁੱਸਾ ਘੱਟ ਹੋਣ ਦੀ ਥਾਂ ਉੱਤੇ ਹੋਰ ਵੱਧ ਗਿਆ ਸੀ।



ਜਸਵੰਤ ਸਿੰਘ 'ਅਜੀਤ'

ਸਾਰੇ ਜਾਣਦੇ ਹਨ ਕਿ ਇਹ ਘਟਨਾਵਾਂ ਕਿਉਂ ਹੋਈਆਂ ਤੇ ਇਨ੍ਹਾਂ ਲਈ ਕੌਣ ਜ਼ਿੰਮੇਵਾਰ ਹਨ? ਇਸਦੇ ਬਾਵਜੂਦ ਚਾਰ ਸਾਲਾਂ ਵਿੱਚ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਵੱਲੋਂ ਇਨ੍ਹਾਂ ਘਟਨਾਵਾਂ ਦੀ ਜਾਂਚ ਨੂੰ ਪੂਰਾ ਨਾ ਕਰ ਸਕਣਾ ਕਈ ਖਦਸ਼ਿਆਂ ਨੂੰ ਜਨਮ ਦਿੰਦਾ ਹੈ। ਇਸ ਦੇ ਨਾਲ ਇਹ ਸਵਾਲ ਵੀ ਉਠਦੇ ਹਨ ਕਿ ਕੀ ਜਾਂਚ ਪੂਰੀ ਨਹੀਂ ਹੋਈ ਜਾਂ ਜਾਂਚ ਰਿਪੋਰਟ ਨੂੰ ਜਨਤਕ ਕੀਤੇ ਜਾਣ ਤੋਂ ਰੋਕ ਕੇ ਰੱਖਿਆ ਹੈ?

ਪੰਜਾਬ ਦੇ ਸਿਆਸਤਦਾਨ ਸੁਖਬੀਰ ਸਿੰਘ ਬਾਦਲ ਦੇ ਇਸ ਦਾਅਵੇ, ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਿਵੇਂ ਕਰ ਜਾਂ ਕਰਵਾ ਸਕਦੇ ਹਨ, ਉੱਤੇ ਸਵਾਲ ਉਠਾਉਂਦੇ ਹੋਏ ਪੁੱਛਦੇ ਹਨ ਕਿ ਜੇ ਉਹ ਤੇ ਉਨ੍ਹਾਂ ਦਾ ਦਲ ਇਸ ਗੁਨਾਹ ਲਈ ਜ਼ਿੰਮੇਵਾਰ ਨਹੀਂ ਤਾਂ ਪੰਜਾਬੀਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਪਹਿਲੇ ਤੋਂ ਤੀਸਰੇ ਸਥਾਨ ਉੱਤੇ ਕਿਉਂ ਖਿਸਕਾ ਦਿੱਤਾ? ਉਹ ਇਹ ਵੀ ਪੁੱਛਦੇ ਹਨ ਕਿ 2017 ਦੀਆਂ ਦਿੱਲੀ ਗੁਰਦੁਆਰਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਆਪਣੇ ਤੋਂ ਦੂਰ ਕਿਉਂ ਰੱਖਿਆ? ਇਸ ਵਾਰ ਫਿਰ ਉਨ੍ਹਾਂ ਦੀ ਪਾਰਟੀ ਦੇ ਆਗੂ ਗੁਰਦੁਆਰਾ ਚੋਣਾਂ ਵਿੱਚ ਉਨ੍ਹਾਂ ਦੇ ਪਰਛਾਵੇਂ ਤੱਕ ਨੂੰ ਵੀ ਆਪਣੇ ਕੋਲ ਫਟਕਣ ਤੱਕ ਨਹੀਂ ਦੇ ਰਹੇ?

ਦੱਸਿਆ ਗਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਇਸ ਗੱਲ ਉੱਤੇ ਕੱਛਾਂ ਵਜਾ ਰਹੇ ਹਨ ਕਿ ਉਨ੍ਹਾਂ ਨੇ ਧਰਮ ਦੇ ਨਾਲ ਉਸ ਸਿਆਸਤ ਦੀ ਸਾਂਝ ਉੱਤੇ ਅਦਾਲਤੀ ਮੋਹਰ ਲਵਾ ਲਈ ਹੈ, ਜਿਸ ਵਿੱਚ ਝੂਠ, ਲੁੱਟ, ਚੋਰੀ, ਡਾਕੇ, ਧੋਖੇ ਆਦਿ ਦੀ ਵਰਤੋਂ ਨੂੰ ਜਾਇਜ਼ ਮੰਨਿਆ ਗਿਆ ਹੈ।

ਦਿੱਲੀ ਦੀਆਂ ਗੁਰਦੁਆਰਾ ਚੋਣਾਂ ਦਾ ਪਹਿਲਾਂ ਦੌਰ ਖਤਮ ਹੋ ਗਿਆ ਹੈ ਜਿਸ ਵਿੱਚ ਰਜਿਸਟਰਡ ਸੱਤ ਪਾਰਟੀਆਂ ਵਿੱਚੋਂ ਛੇ ਸ਼੍ਰੋਮਣੀ ਅਕਾਲੀ ਦਲ (ਬਾਦਲ)-46 ਸੀਟਾਂ, ਜਾਗੋ-41, ਸ਼੍ਰੋਮਣੀ ਅਕਾਲੀ ਦਲ (ਦਿੱਲੀ)-34, ਪੰਥਕ ਸੇਵਾ ਦਲ-27, ਸਿੱਖ ਸਦਭਾਵਨਾ ਦਲ-24, ਪੰਥਕ ਅਕਾਲੀ ਲਹਿਰ-8 ਸੀਟਾਂ ਉੱਤੇ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ। ਇਸ ਤਰ੍ਹਾਂ ਗੁਰਦੁਆਰਾ ਚੋਣਾਂ ਵਿੱਚ 130 ਆਜ਼ਾਦ ਉਮੀਦਵਾਰਾਂ ਨਾਲ 310 ਉਮੀਦਵਾਰ ਮੈਦਾਨ ਵਿੱਚ ਹਨ। ਇਨ੍ਹਾਂ ਦੀ ਕਿਸਮਤ ਦਾ ਫੈਸਲਾ 25 ਅਪ੍ਰੈਲ ਨੂੰ ਵੋਟਰ ਦੇਣਗੇ ਤੇ 28 ਅਪ੍ਰੈਲ ਨੂੰ ਵੋਟਾਂ ਦੀ ਗਿਣਤੀ ਹੋਵੇਗੀ ਅਤੇ ਉਸ ਦੇ ਪੂਰਾ ਹੋਣ ਦੇ ਨਾਲ ਫੈਸਲਾ ਐਲਾਨ ਦਿੱਤਾ ਜਾਵੇਗਾ। ਉਸ ਪਿੱਛੋਂ ਪੰਜ ਜਥੇਦਾਰਾਂ, ਪੰਜ ਹੋਰ ਮੈਂਬਰਾਂ ਨੂੰ ਸ਼ਾਮਲ ਕਰ ਕੇ ਚਾਰ ਸਾਲਾਂ ਲਈ 56 ਮੈਂਬਰਾਂ ਦਾ ਜਨਰਲ ਹਾਊਸ ਬਣਾ ਕੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਉਸ ਦੇ ਬਾਅਦ ਮਹਾ ਸਭਾ ਦੀ ਬੈਠਕ ਸੱਦ ਕੇ ਨਿਯਮਾਂ ਅਨੁਸਾਰ ਦੋ ਸਾਲਾਂ ਲਈ ਪੰਜ ਅਹੁਦੇਦਾਰਾਂ ਨਾਲ ਦਸ ਮੈਂਬਰਾਂ ਦੀ ਚੋਣ ਕਰ ਕੇ 15 ਮੈਂਬਰਾਂ ਦੀ ਕਾਰਜਕਾਰਨੀ ਬਣਾ ਕੇ ਗੁਰਦੁਆਰਾ ਪ੍ਰਬੰਧ ਉਸ ਨੂੰ ਸੌਂਪ ਦਿੱਤਾ ਜਾਵੇਗਾ।

ਕੁਝ ਦਿਨ ਹੋਏ, ਇੱਕ ਸੀਨੀਅਰ ਅਕਾਲੀ ਆਗੂ ਨਾਲ ਅਚਾਨਕ ਮੁਲਾਕਾਤ ਹੋਈ। ਉਨ੍ਹਾਂ ਦੇ ਸਿਰ ਉੱਤੇ ਬੰਨ੍ਹੀ ਕੇਸਰੀ ਦਸਤਾਰ ਦੇਖ ਉਨ੍ਹਾਂ ਨੂੰ ਇੱਕ ਸਵਾਲ ਪੁੱਛ ਬੈਠੇ ਕਿ ਸਿੰਘ ਸਾਹਿਬ ਅਕਾਲੀ ਦਲ ਦੀ ਸਥਾਪਨਾ ਦੇ ਸਮੇਂ ਤਾਂ ਅਕਾਲੀਆਂ ਲਈ ਕਾਲੀ ਦਸਤਾਰ ਬੰਨ੍ਹਣੀ ਜ਼ਰੂਰੀ ਹੁੰਦੀ ਸੀ, ਅੱਜਕੱਲ੍ਹ ਅਕਾਲੀਆਂ ਨੇ ਕਾਲੀ ਦਸਤਾਰ ਛੱਡ ਕੇ ਨੀਲੀ ਜਾਂ ਕੇਸਰੀ ਦਸਤਾਰ ਬੰਨ੍ਹਣੀ ਕਿਉਂ ਸ਼ੁਰੂ ਕਰ ਦਿੱਤੀ ਹੈ? ਉਹ ਸੱਜਣ ਕੁਝ ਜ਼ਿਆਦਾ ਹੀ ਮੂੰਹ ਫੱਟ ਨਿਕਲੇ। ਉਨ੍ਹਾਂ ਝੱਟ ਹੱਸਦੇ ਹੋਏ ਜਵਾਬ ਦਿੱਤਾ ਕਿ ਗੁਰਮੁਖੋ, ਉਦੋਂ ਅਕਾਲੀਆਂ ਦੇ ਦਿਲ ਸਾਫ਼ ਹੁੰਦੇ ਸਨ ਤੇ ਦਸਤਾਰਾਂ ਕਾਲੀਆਂ, ਪਰ ਅੱਜ ਦੇ ਅਕਾਲੀ ਇਹ ਮੰਨਦੇ ਹਨ ਕਿ ਦਿਲ ਕਾਲੇ ਚਾਹੀਦੇ ਹਨ, ਦਸਤਾਰ ਦਾ ਕੀ ਹੈ, ਕਿਸੇ ਵੀ ਰੰਗ ਦੀ ਚੱਲ ਜਾਵੇਗੀ।

## ਮਿੰਨੀ ਕਹਾਣੀ

### ਤੰਗ ਗਲੀ

-ਵਿਜੈ ਸਿੰਘ ਚੌਹਾਨ

ਸੋਸ਼ਲ ਮੀਡੀਆ ਉੱਤੇ ਚੈਟਿੰਗ ਚੱਲ ਰਹੀ ਸੀ।

"ਭਾਈ ਸਾਬ੍ਹ, ਮੈਂ ਨਵਾਂ ਘਰ ਬਣਾਇਆ ਹੈ, ਤੁਸੀਂ ਮੇਰੇ ਪੁਰਾਣੇ ਮਿੱਤਰ ਹੋ। ਇਸ ਲਈ ਮੈਂ ਤੁਹਾਨੂੰ ਆਪਣੇ ਘਰ ਦੀ ਫੋਟੋ ਅਤੇ ਕਾਰਡ ਵੀ ਭੇਜਿਆ ਸੀ। ਤੁਸੀਂ ਆਏ ਕਿਉਂ ਨਹੀਂ। ਦੋਸਤੀ ਦਾ ਕੁਝ ਤਾਂ ਖਿਆਲ ਰੱਖਿਆ ਹੁੰਦਾ।"

ਇੱਕ ਝਟਕੇ ਵਿੱਚ ਸ਼ਿਕਾਇਤੀ ਪੁਲ ਤੋਂ ਲੰਘਦੇ ਹੋਏ ਸੀਮਾ ਦੇ ਸ਼ਬਦਾਂ ਦਾ ਸਫਰ, ਤੰਗ ਗਲੀ ਵਿੱਚ ਤਬਦੀਲ ਹੋ ਗਿਆ। ਤੁਰੰਤ ਉਤਰ ਮਿਲਿਆ, "ਹਾਂ...ਹਾਂ, ਸੀਮਾ ਤੂੰ ਘਰ ਬਹੁਤ ਸੁੰਦਰ ਬਣਾਇਆ, ਕਾਫੀ ਪੈਸਾ ਵੀ ਖਰਚ ਕੀਤਾ। ਸੱਦਾ ਪੱਤਰ ਵੀ ਬਹੁਤ ਵਧੀਆ ਸੀ, ਤੁਹਾਡਾ ਸੰਦੇਸ਼ ਮਿਲਦੇ ਹੀ ਮੈਂ ਉਤਰ ਦੇ ਜਵਾਬ ਵਿੱਚ ਲਾਈਕ ਕਰ ਦਿੱਤਾ ਸੀ।"

ਆਭਾਸੀ ਦੁਨੀਆ ਵਿੱਚ ਸੱਦਾ ਸੀ ਤਾਂ ਮੈਂ ਵੀ ਉਹੀ ਉਤਰ ਦੇਣਾ ਠੀਕ ਸਮਝਿਆ, "ਜੇ ਤੂੰ ਘਰ ਆ ਕੇ ਜਾਂ ਫੋਨ ਕਰ ਕੇ ਸੱਦਾ ਦਿੰਦੀ ਤਾਂ ਮੈਂ ਜ਼ਰੂਰ ਆਉਂਦਾ।"

ਸੀਮਾ ਬੋਲਣ ਦੇ ਭਾਵ ਨਾਲ ਆਭਾਸੀ ਜੀਵਨ ਅਤੇ ਅਸਲ ਜੀਵਨ ਦੇ ਫਰਕ ਨੂੰ ਸਮਝ ਗਈ।



# ਖ਼ਬਰਾਂ ਪੰਜਾਬ ਦੀਆਂ

## ਸ਼੍ਰੋਮਣੀ ਕਮੇਟੀ ਵੱਲੋਂ ਕੋਰੋਨਾ ਦੇ ਕਾਰਨ 400 ਸਾਲਾ ਪੁਰਬ ਸਮਾਗਮ ਸੰਕੋਚ ਨਾਲ ਕਰਨ ਦਾ ਫੈਸਲਾ

ਅੰਮ੍ਰਿਤਸਰ, 22 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦਾ ਪ੍ਰਭਾਵ ਵਧਦਾ ਵੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਦੇ ਵੱਡੇ ਸਮਾਗਮਾਂ ਨੂੰ ਸੰਕੋਚ ਦੇ ਨਾਲ ਕਰਨ ਦਾ ਫੈਸਲਾ ਕੀਤਾ ਹੈ, ਤਾਂ ਕਿ ਇਸ ਮੌਕੇ ਬਹੁਤੀ ਭੀੜ ਇਕੱਠੀ ਨਾ ਹੋ ਸਕੇ।

ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸ਼ਤਾਬਦੀ ਸਮਾਗਮਾਂ ਵਿੱਚ ਸੰਗਤ ਦੀ ਵੱਡੀ ਆਮਦ ਨੂੰ ਧਿਆਨ ਵਿੱਚ ਰੱਖ ਕੇ ਸਮਾਗਮ ਭਾਈ ਗੁਰਦਾਸ ਨਗਰ ਨਿਊ ਅੰਮ੍ਰਿਤਸਰ ਵਿਖੇ ਰੱਖੇ ਗਏ ਸਨ, ਪਰ ਕੋਰੋਨਾ ਦੇ ਕਾਰਨ ਇਹ ਸਮਾਗਮ ਦਰਬਾਰ ਸਾਹਿਬ ਕੰਪਲੈਕਸ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਹੀ ਕੀਤੇ ਜਾਣਗੇ ਅਤੇ ਵੱਡੇ ਸਮਾਗਮ ਬਾਅਦ ਵਿੱਚ ਕੀਤੇ ਜਾਣਗੇ। ਉਨ੍ਹਾਂ ਕਿਹਾ ਜਿਹੜੀ ਸੰਗਤ ਆਉਣਾ



ਚਾਹੁੰਦੀ ਹੈ, ਉਹ ਆਵੇ, ਪਰ ਸ਼੍ਰੋਮਣੀ ਕਮੇਟੀ ਵੱਲੋਂ 29 ਅਪ੍ਰੈਲ ਤੋਂ 1 ਮਈ ਤੱਕ ਸਮਾਗਮਾਂ ਨੂੰ ਆਨਲਾਈਨ ਚੈਨਲਾਂ ਅਤੇ ਸੋਸ਼ਲ ਮੀਡੀਆਂ ਰਾਹੀਂ ਘਰ ਬੈਠੀਆਂ ਸੰਗਤਾਂ ਤੱਕ ਪੁਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਸ੍ਰੀ ਗੁਰੂ ਰਾਮਦਾਸ ਹਸਪਤਾਲ ਚਾਟੀਵਿੰਡ ਗੇਟ ਨੂੰ ਪੂਰੀ ਤਰ੍ਹਾਂ ਕੋਰੋਨਾ ਮਰੀਜ਼ਾਂ ਨੂੰ ਸਮਰਪਤ ਕਰ ਦਿੱਤਾ ਗਿਆ ਅਤੇ ਕੋਰੋਨਾ ਟੀਕਾਕਰਨ ਦੀ ਸਹੂਲਤ ਮੁਫ਼ਤ ਦਿੱਤੀ ਜਾ ਰਹੀ ਹੈ।

ਇਸੇ ਦੌਰਾਨ ਉਨ੍ਹਾਂ ਨੇ ਮੁਕੇਰੀਆ ਦੇ ਪਿੰਡ ਪੰਡੋਰੀ ਵਿੱਚ ਸਿੱਖੀ ਭੇਖ ਅੰਦਰ ਕੁਝ ਲੋਕਾਂ ਵੱਲੋਂ ਭਗਤ ਰਵਿਦਾਸ ਦੇ ਅਸਥਾਨ ਉੱਤੇ ਕੀਤੀ ਧੱਕਾ-ਜ਼ੋਰੀ ਨੂੰ ਅਫ਼ਸੋਸਨਾਕ ਕਰਾਰ ਦਿੱਤਾ ਤੇ ਕਿਹਾ ਕਿ ਸਰਕਾਰ ਅਜਿਹਾ ਕਰਨ ਵਾਲਿਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਤਾਂ ਜੁ ਸਿੱਖ ਸੰਗਤਾਂ ਵਿੱਚ ਇਸ ਨਾਲ ਰੋਸ ਪੈਦਾ ਨਾ ਹੋ ਸਕੇ।

## ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰੀ ਨੂੰ ਫੜਾਉਣ ਵਾਲੇ ਮੁਖਬਰਾਂ ਲਈ ਇਨਾਮ ਦਾ ਐਲਾਨ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਵਪਾਰੀਆਂ ਦੀ ਪੈੜ ਨੱਪਣ ਲਈ ਮੁਖਬਰਾਂ ਲਈ ਇਨਾਮ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਆਮ ਲੋਕਾਂ ਨੂੰ ਪੁਲਸ ਦੀ ਮਦਦ ਲਈ ਪ੍ਰੇਰਿਆ ਜਾ ਸਕੇ। ਨਵੀਂ ਇਨਾਮ ਨੀਤੀ ਨਸ਼ਾ ਤਸਕਰੀ ਨੂੰ ਠੱਲ੍ਹਣ ਅਤੇ ਨਸ਼ਿਆਂ ਦੀ ਬਰਾਮਦਗੀ ਵਿੱਚ ਸਹਾਈ ਹੋਵੇਗੀ। ਇਨਾਮ ਦਾ ਫੈਸਲਾ ਸਫਲ ਜਾਂਚ, ਕੇਸ ਚਲਾਉਣ ਅਤੇ ਗੈਰ ਕਾਨੂੰਨੀ ਤੌਰ ਉੱਤੇ ਬਣਾਈ ਗਈ ਜਾਇਦਾਦ ਜ਼ਬਤ ਕਰਨ ਆਦਿ ਦੇ ਸਬੰਧ ਵਿੱਚ ਕੇਸ ਦਰ ਕੇਸ ਦੇ ਆਧਾਰ ਉੱਤੇ ਲਿਆ ਜਾਵੇਗਾ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ 23 ਫਰਵਰੀ ਨੂੰ ਉਚ ਪੱਧਰੀ ਮੀਟਿੰਗ ਦੌਰਾਨ ਇਨਾਮ ਨੀਤੀ ਬਾਰੇ ਸੁਝਾਅ ਮਿਲਿਆ ਸੀ। ਇਸ ਨੀਤੀ ਹੇਠ ਯੋਗ ਵਿਅਕਤੀਆਂ ਦੀ ਸ਼੍ਰੇਣੀ ਵਿੱਚ ਮੁਖਬਰਾਂ ਨੂੰ ਸ਼ਾਮਲ ਕੀਤਾ ਜਾਵੇਗਾ ਤੇ ਇਸ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਹੋਣਗੇ। ਉਹ ਵੱਧ ਤੋਂ ਵੱਧ 50 ਫੀਸਦੀ ਇਨਾਮ ਦੇ ਯੋਗ ਹੋਣਗੇ। ਜੋ ਸਰਕਾਰੀ ਅਧਿਕਾਰੀ ਜਾਂ ਮੁਲਾਜ਼ਮ ਵੱਡੇ ਨਿੱਜੀ ਖਤਰੇ ਦਾ ਸਾਹਮਣਾ ਕਰਨਗੇ, ਉਨ੍ਹਾਂ ਨੂੰ ਇਸ ਤੋਂ ਵੱਧ ਇਨਾਮ ਦੇਣ ਲਈ ਵੀ ਵਿਚਾਰਿਆ ਜਾਵੇਗਾ।ਇਹ ਇਨਾਮ ਪੂਰਨ ਤੌਰ ਉੱਤੇ ਐਕਸ-ਗ੍ਰੇਸ਼ੀਆ ਅਦਾਇਗੀ ਹੋਵੇਗੀ ਤੇ ਇਨਾਮ ਤੈਅ ਕਰਨ ਲਈ ਸਮਰੱਥ ਅਥਾਰਟੀ ਦਾ ਫੈਸਲਾ ਅੰਤਿਮ ਹੋਵੇਗਾ। ਮੁਖਬਰਾਂ ਨੂੰ ਇਨਾਮ ਵੱਖ-ਵੱਖ ਪੜਾਵਾਂ ਉਤੇ ਮਿਲੇਗਾ। ਜ਼ਬਤੀ ਦੇ ਕੇਸ ਵਿੱਚ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਨਾਮ ਗੈਰ ਕਾਨੂੰਨੀ ਨਸ਼ਿਆਂ ਦੀ ਮੌਜੂਦਗੀ ਦੀ ਪੁਸ਼ਟੀ ਸਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਸੀਦ ਮਿਲਣ ਤੋਂ ਬਾਅਦ ਦਿੱਤਾ ਜਾਵੇਗਾ।

ਇਸ ਬਾਰੇ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਹਰੇਕ ਜ਼ਿਲ੍ਹਾ, ਯੂਨਿਟ, ਵਿਭਾਗ ਉਕਤ ਦਿਸ਼ਾ-ਨਿਰੇਦਸ਼ਾਂ ਅਨੁਸਾਰ ਕੇਸਾਂ ਦੀ ਜਾਂਚ ਲਈ ਸਬੰਧਤ ਕਮਿਸ਼ਨਰ ਆਫ ਪੁਲਸ, ਐਸ ਐਸ ਪੀ, ਯੂਨਿਟ ਦੇ ਮੁਖੀ, ਦਫਤਰ ਦੇ ਮੁਖੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਵੇਗਾ, ਜੋ ਇਨਾਮ ਦੇਣ ਲਈ ਏ ਡੀ ਜੀ ਪੀ, ਐਸ ਟੀ ਐਫ ਨੂੰ ਸਿਫਾਰਸ਼ਾਂ ਕਰੇਗੀ। ਇਨ੍ਹਾਂ ਸਿਫਾਰਸ਼ਾਂ ਦੀ ਜਾਂਚ ਐਸ ਟੀ ਐਫ ਹੈਡਕੁਆਰਟਰ ਵਿਖੇ ਅਧਿਕਾਰੀਆਂ ਦੀ ਕਮੇਟੀ ਕਰੇਗੀ। ਇਨਾਮ ਦੀ ਰਾਸ਼ੀ (ਪ੍ਰਤੀ ਕਿਲੋਗਰਾਮ) ਨਾਰਕੋਟਿਕ ਡਰੱਗਜ਼ ਐਂਡ ਸਾਈਕ੍ਰੋਟੋਪਿਕ ਸਬਸਟੈਂਸ ਐਕਟ 1985 ਦੀਆਂ ਧਾਰਾਵਾਂ ਹੇਠ ਜ਼ਬਤ ਕੀਤੇ ਪਦਾਰਥਾਂ ਅਨੁਸਾਰ ਹੋਵੇਗੀ। ਅਫੀਮ ਦੇ ਮਾਮਲੇ ਵਿੱਚ 6000 ਰੁਪਏ, ਮੌਰਫੀਨ ਬੇਸ ਅਤੇ ਇਸ ਦੇ ਸਾਲਟ ਲਈ 20,000 ਰੁਪਏ, ਹੈਰੋਇਨ ਤੇ ਇਸ ਦੇ ਸਾਲਟ ਲਈ 1,20,000 ਰੁਪਏ, ਕੋਕੀਨ ਤੇ ਇਸ ਦੇ ਸਾਲਟ ਲਈ 2,40,000 ਰੁਪਏ, ਹਸ਼ੀਸ਼ ਲਈ 2000 ਰੁਪਏ, ਹਸ਼ੀਸ਼ ਤੇਲ ਲਈ 10,000 ਰੁਪਏ, ਗਾਂਜੇ ਲਈ 600 ਰੁਪਏ ਰੱਖੇ ਗਏ ਹਨ।

## ਪਟਿਆਲਾ ਰਾਜ ਘਰਾਣੇ ਨਾਲ ਭਿੜਨ ਲਈ ਨਵਜੋਤ ਸਿੱਧੂ ਘਰ ਵਾਪਸੀ ਕਰਨਗੇ

### * ਸਿੱਧੂ ਜੋੜੀ ਅੰਮ੍ਰਿਤਸਰ ਤੋਂ ਵੱਧ ਪਟਿਆਲਾ ਵਿੱਚ ਸਰਗਰਮ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਰਾਜਨੀਤਕ ਪੱਖੋਂ ਇੱਕ ਨਵਾਂ ਤਬਦੀਲੀ ਦੇਖੀ ਗਈ ਹੈ ਕਿ 2004 ਵਿੱਚ ਪਟਿਆਲਾ ਛੱਡ ਕੇ ਅੰਮ੍ਰਿਤਸਰ ਜਾ ਚੁੱਕੇ ਨਵਜੋਤ ਸਿੰਘ ਸਿੱਧੂ ਅੱਜਕੱਲ੍ਹ ਆਪਣੇ ਜੱਦੀ ਸ਼ਹਿਰ ਪਟਿਆਲਾ ਵਿੱਚ ਸਰਗਰਮ ਦਿਖਾਈ ਦੇਣ ਲੱਗ ਪਏ ਹਨ ਅਤੇ ਉਨ੍ਹਾਂ ਦੇ ਤੇਵਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਫਿਰ ਤਿੱਖੇ ਹੋਣ ਲੱਗੇ ਹਨ। ਇੱਥੋਂ ਤੱਕ ਕਿ ਸਿੱਧੂ ਨੇ ਪਟਿਆਲੇ ਵਿੱਚ ਆਪਣਾ ਦਫਤਰ ਵੀ ਖੋਲ੍ਹ ਲਿਆ ਹੈ, ਜਿਸ ਪਿੱਛੋਂ ਸਭ ਦੀ ਨਜ਼ਰ ਸਿੱਧੂ ਦੀ ਅਗਲੀ ਰਣਨੀਤੀ ਉੱਤੇ ਟਿਕ ਗਈ ਹੈ, ਕਿਉਂਕਿ ਉਹ ਲੰਬੇ ਸਮੇਂ ਤੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਚਾਹੁੰਦੇ ਦੱਸੇ ਜਾਂਦੇ ਸਨ ਤੇ ਕੈਪਟਨ ਇਸ ਲਈ ਮੰਨੇ ਨਹੀਂ ਸਨ।

ਅਜਿਹੇ ਹਾਲਾਤ ਵਿੱਚ ਇਸ ਵਕਤ ਚਰਚਾ ਇਹ ਚੱਲ ਪਈ ਹੈ ਕਿ ਕਿਤੇ ਨਵਜੋਤ ਸਿੱਧੂ ਸਿਆਸਤ ਦੀ ਪਿੱਚ ਉੱਤੇ ਨਵੀਂ ਪਾਰੀ ਖੇਡਣ ਦੀ ਤਿਆਰੀ ਤਾਂ ਨਹੀਂ ਕਰ ਰਹੇ।ਪੰਜਾਬ ਵਿੱਚਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਿੱਧੂ ਦਾ ਕੀ ਹੋਵੇਗਾ, ਕਿਉਂਕਿ ਕਾਂਗਰਸ ਨਾਲ ਉਨ੍ਹਾਂ ਦੀ ਬਣਦੀ ਨਹੀਂ ਅਤੇ ਭਾਜਪਾ ਨੇ ਆਪਣੇ ਦਰਵਾਜ਼ੇ ਸਿੱਧੂ ਲਈ ਬੰਦ ਕਰ ਰੱਖੇ ਹਨ। ਆਮ ਆਦਮੀ ਪਾਰਟੀ ਵੀ ਅਜੇ ਤੱਕ ਨਵਜੋਤ ਸਿੱਧੂ ਦੇ ਲਈ ਰੁਚੀ ਨਹੀਂ ਦਿਖਾ ਰਹੀ। ਅਜਿਹੇ ਹਾਲਾਤ ਵਿੱਚ



ਸਿੱਧੂ ਕੀ ਆਪਣੀ ਪਾਰਟੀ ਬਣਾਉਣਗੇ ਜਾਂ ਚੌਥੀ ਪਾਰਟੀ ਦੀ ਬਣਾਈ ਖੇਡ ਦਾ ਹਿੱਸਾ ਬਣਨਗੇ, ਕਿਉਂਕਿ ਸਿੱਧੂ ਜੋੜੀ ਨੇ ਪਟਿਆਲੇ ਵਿੱਚ ਆਪਣੀ ਸਰਗਰਮੀ ਵਧਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਾਲ 2004 ਵਿੱਚ ਨਵਜੋਤ ਸਿੱਧੂ ਦੇ ਰਾਜਨੀਤਕ ਗੁਰੂ ਰਹਿ ਚੁੱਕੇ ਮਰਹੂਮ ਅਰੁਣ ਜੇਤਲੀ ਦੇ ਕਹਿਣ ਉੱਤੇਸਿੱਧੂ ਨੇ ਪਟਿਆਲਾ ਛੱਡ ਕੇ ਅੰਮ੍ਰਿਤਸਰ ਵਿੱਚ ਆਪਣਾ ਅੱਡਾ ਬਣਾ ਲਿਆ ਸੀ। ਇਸ ਪਿੱਛੋਂ ਉਸ ਨੇ ਰਾਜਨੀਤੀ ਵਿੱਚ ਜ਼ੋਰਦਾਰ ਇੰਟਰੀ ਕੀਤੀ ਅਤੇ ਕਾਂਗਰਸ ਨੇਤਾ ਰਘੂਨੰਦਨ ਲਾਲ ਭਾਟੀਆ ਨੂੰ 1.09 ਲੱਖ ਤੋਂ ਵੱਧ ਵੋਟਾਂ ਨਾਲ ਹਰਾਉਣ ਪਿੱਛੋਂ ਓਥੇ ਹੀ ਵੱਸ ਗਏ। ਇੱਥੋਂ ਉਨ੍ਹਾਂ ਨੇਭਾਜਪਾ ਟਿਕਟ ਉੱਤੇ ਲੋਕ ਸਭਾ ਦੀ ਇੱਕ ਉਪ ਚੋਣ ਅਤੇ ਸਾਲ 2009 ਦੀ ਆਮ ਚੋਣ ਵੀ ਜਿੱਤੀ, ਪਰ ਹਰ ਵਾਰ ਉਨ੍ਹਾਂ ਦੀ ਜਿੱਤ ਦਾ ਫਰਕ ਘਟਦਾ ਗਿਆ। ਸਾਲ 2014 ਵਿੱਚ ਭਾਜਪਾ ਨੇ ਸਿੱਧੂ ਨੂੰ ਹਰਿਆਣੇ ਤੋਂ ਚੋਣ ਲੜਨ ਲਈ ਕਿਹਾ, ਪਰ ਉਨ੍ਹਾਂ ਇਹ ਕਹਿ ਕੇ ਇਸ ਤੋਂ ਨਾਂਹ ਕਰ ਦਿੱਤੀ ਕਿ ਉਹ ਅੰਮ੍ਰਿਤਸਰ ਛੱਡ ਕੇ ਨਹੀਂ ਜਾਣਗੇ। ਫਿਰ ਭਾਜਪਾ ਨੇ ਉਨ੍ਹਾਂ ਨੂੰ ਰਾਜ ਸਭਾ ਭੇਜਿਆ, ਪਰ ਬਾਅਦ ਵਿੱਚ ਉਨ੍ਹਾਂ ਉਥੋਂ ਵੀ ਅਸਤੀਫਾ ਦੇ ਦਿੱਤਾ ਅਤੇ ਕਾਂਗਰਸ ਪਾਰਟੀ ਵਿੱਚ ਚਲੇ ਗਏ।

ਸਾਲ 2017 ਵਿੱਚ ਸਿੱਧੂ ਕਾਂਗਰਸ ਦੀ ਟਿਕਟ ਉੱਤੇ ਅੰਮ੍ਰਿਤਸਰ ਵੈਸਟ ਹਲਕੇ ਤੋਂ ਵਿਧਾਨ ਸਭਾ ਚੋਣ ਜਿੱਤੇ ਤਾਂ ਉਨ੍ਹਾਂ ਨੂੰ ਕੈਬਨਿਟ ਵਿੱਚ ਤਿੰਨ ਨੰਬਰ ਦਾ ਥਾਂ ਮਿਲਿਆ। ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿੱਧੂ ਦੀ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨਾਲ ਅਣਬਣ ਸ਼ੁਰੂ ਹੋ ਗਈ। ਅੱਗੋਂ ਸਾਲ 2022 ਦੀਆਂ ਚੋਣਾਂ ਲਈ ਜਿਵੇਂ-ਜਿਵੇਂ ਸਮਾਂ ਅੱਗੇ ਵੱਧ ਰਿਹਾ ਹੈ, ਸਿੱਧੂ ਨੇ ਪਟਿਆਲਾ ਸੀਟ ਉੱਤੇ ਆਪਣੀ ਸਰਗਰਮੀ ਵਧਾਉਣੀ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਬੀਤੇ 15 ਸਾਲਾਂ ਵਿੱਚ ਅਜਿਹਾ ਕਦੇ ਵੀ ਨਹੀਂ ਹੋਇਆ।

## ਆਕਸੀਜਨ ਸਪਲਾਈ ਬਾਰੇ ਕੇਂਦਰ ਅਤੇ ਪੰਜਾਬ ਸਰਕਾਰਾਂ ਆਹਮੋ-ਸਾਹਮਣੇ

ਜਲੰਧਰ, 22 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਵਧਦੀ ਗਿਣਤੀ ਨੂੰ ਵੇਖ ਕੇ ਆਕਸੀਜਨ ਸਪਲਾਈ ਉੱਤੇ ਕੇਂਦਰ ਤੇ ਪੰਜਾਬ ਸਰਕਾਰ ਆਹਮੋ-ਸਾਹਮਣੇ ਆ ਗਈਆਂ ਹਨ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬ ਨੂੰ ਰੋਜ਼ ਘੱਟੋ-ਘੱਟ 120 ਐਮ ਟੀ ਆਕਸੀਜਨ ਦੀ ਸਪਲਾਈ ਹੋਣੀ ਚਾਹੀਦੀ ਹੈ। ਇਸਦੇ ਨਾਲ ਉਨ੍ਹਾਂ ਦੋ ਮਹੀਨਿਆਂ ਤੋਂ ਕੀਤੀ ਜਾ ਰਹੀ ਅਪੀਲ ਮੁਤਾ-ਬਕ ਦੋ ਪੀ ਐਸ ਏ ਪਲਾਟਾਂ ਲਈ ਮਨਜ਼ੂਰੀ ਮੰਗੀ ਹੈ। ਸਿਹਤ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਰੋਜ਼ਾਨਾ ਆਧਾਰ ਉੱਤੇ ਲਿਕੁਵਿਡ ਮੈਡੀਕਲ ਆਕਸੀਜਨ



(ਐਲ ਐਮ ਓ) ਦੀ ਨਿਰਵਿਘਨ ਸਪਲਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਚੰਡੀਗੜ੍ਹ ਦੇ 22 ਐਮ ਟੀ ਕੋਟੇ ਤੋਂ ਇਲਾਵਾ 120 ਐਮ ਟੀ ਕੋਟਾ ਰੋਜ਼ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਵਿੱਚ ਰੋਜ਼ਾਨਾ 300 ਐਮ ਟੀ ਮੈਡੀਕਲ ਆਕਸੀਜਨ ਨੂੰ ਸਟੋਰ ਕਰਨ ਦੀ ਸਮੱਰਥਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ 105 ਤੋਂ 110 ਐਮ ਟੀ ਮੈਡੀਕਲ ਆਕਸੀਜਨ ਦੀ ਖਪਤ ਹੁੰਦੀ ਹੈ, ਜੋ ਅਗਲੇ ਦੋ ਹਫ਼ਤਿਆਂ ਵਿੱਚ ਵਧ ਕੇ 150 ਤੋਂ 170 ਐਮ ਟੀ ਤੱਕ ਪਹੁੰਚਣ ਦੀ ਆਸ ਹੈ। ਸੂਬੇ ਵਿੱਚ ਮੁੱਖ ਲੋੜ ਨੂੰ ਪੂਰਾ ਕਰਨ ਲਈ ਬਾਹਰੋਂ ਮੈਡੀਕਲ ਆਕਸੀਜਨ ਦੀ ਸਪਲਾਈ ਆਉਣੀ ਜ਼ਰੂਰੀ ਹੈ।ਆਕਸੀਜਨ ਉੱਤੇ ਕੰਟਰੋਲ ਵਾਲੇ ਗਰੁੱਪ ਨੇ 15 ਅਪ੍ਰੈਲ ਨੂੰ ਪੰਜਾਬ ਨੂੰ 126 ਐਮ ਟੀ ਮੈਡੀਕਲ ਆਕਸੀਜਨ ਦੀ ਸਪਲਾਈ ਕੀਤੀ ਸੀ, ਪਰ 25 ਅਪ੍ਰੈਲ ਨੂੰ ਸਪਲਾਈ ਘਟਾ ਕੇ 82 ਐਮ ਟੀ ਕਰ ਦਿੱਤੀ ਸੀ। ਇਸ ਨਾਲ ਪੰਜਾਬ ਵਿੱਚ ਆਕਸੀਜਨ ਸਪਲਾਈ ਉੱਤੇ ਮਾੜਾ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੋਈ ਐਲ ਐਮ ਓ ਪਲਾਂਟ ਨਹੀਂ ਲੱਗਾ। ਪੰਜਾਬ ਨੂੰ ਲਿਕੁਵਿਡ ਆਕਸੀਜਨ ਨੂੰ ਭਰਨ ਦੀ ਮੰਗ ਬੱਦੀ, ਪਾਣੀਪਤ, ਰੁੜਕੀ ਅਤੇ ਦੇਹਰਾਦੂਨ ਵਿਚਲੇ ਪਲਾਂਟਾਂ ਤੋਂ ਪੂਰੀ ਕਰਨੀ ਪੈ ਰਹੀ ਹੈ।

## ਪ੍ਰਤਾਪ ਬਾਜਵਾ ਵੱਲੋਂ ਦੋਸ਼: ਮੁੱਖ ਮੰਤਰੀ ਦੇ ਹੁਕਮਾਂ ਦੇ ਉਲਟ ਐਡਵੋਕੇਟ ਜਨਰਲ ਨੰਦਾ ਨੇ ਬਾਹਰੋਂ ਵਕੀਲ ਲਿਆਂਦੇ ਸਨ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਕੱਲ੍ਹ ਮੀਡੀਆ ਵੱਲੋਂ ਦੱਸਿਆ ਗਿਆ ਸੀ ਕਿ ਮੁੱਖ ਮੰਤਰੀ ਨੇ 4 ਫ਼ਰਵਰੀ ਨੂੰ ਐਡਵੋਕੇਟ ਜਨਰਲ ਨੂੰ ਸੰਵੇਦਨਸ਼ੀਲ ਕੇਸਾਂ ਵਿੱਚ ਨਿੱਜੀ ਤੌਰ ਉਤੇ ਪੇਸ਼ ਹੋਣ ਲਈ ਕਿਹਾ ਸੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਪੰਜਾਬ ਸਰਕਾਰ ਦੀ ਨੁਮਾਇੰਦਗੀ ਲਈ ਦਿੱਲੀ ਤੋਂ ਵਕੀਲਾਂ ਦੀ ਨਿਯੁਕਤੀ ਨਹੀਂ ਕਰਨੀ ਚਾਹੀਦੀ ਕਿਉਂਕਿ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲੋੜੀਂਦੇ ਲਾਅ ਆਫ਼ੀਸਰ ਹਨ। ਬਾਜਵਾ ਦੇ ਮੁਤਾਬਕ ਮੁੱਖ ਮੰਤਰੀ ਨੇ ਰਾਜ ਦੇ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਸਹੀ ਨਿਰਦੇਸ਼ ਦਿੱਤੇ ਸਨ, ਫਿਰ ਵੀ ਐਡਵੋਕੇਟ ਜਨਰਲ ਆਪ ਖ਼ੁਦ ਪੇਸ਼ ਹੋਣ ਦੀ ਥਾਂ ਵਾਰ-ਵਾਰ ਬਾਹਰਲੇ ਵਕੀਲਾਂ ਨੂੰ ਪੰਜਾਬ ਸਰਕਾਰ ਦੇ ਕੇਸਾਂ ਦੀ ਪੈਰਵੀ ਲਈ ਲੈ ਕੇ ਆਉਂਦੇ ਹਨ।

ਇਸ ਬਿਆਨ ਵਿੱਚ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਇਹ ਐਡਵੋਕੇਟ ਜਨਰਲ ਦਾ ਪਹਿਲਾ ਕੰਮ ਸੀ ਕਿ ਉਹ



ਹਾਈਕੋਰਟ ਵਿੱਚ ਪੇਸ਼ ਹੁੰਦੇ ਅਤੇ ਲੋਕਾਂ ਦੇ ਹਿਤਾਂ ਦੀ ਰਾਖੀ ਕਰਦੇ, ਪਰ ਮੁੱਖ ਮੰਤਰੀ ਵੱਲੋਂ ਕਹਿਣ ਦੇ ਬਾਵਜੂਦ ਐਡਵੋਕੇਟ ਜਨਰਲ ਦਾ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫ਼ਲ ਰਹਿਣਾ ਮੇਰੀ ਸਮਝ ਤੋਂ ਬਾਹਰ ਹੈ ਅਤੇ ਇਸ ਨਾਲ ਉਸਦੀ ਸਥਿਤੀ ਬਹੁਤ ਡਾਵਾਂਡੋਲ ਹੈ। ਬਾਹਰਲੇ ਵਕੀਲਾਂ ਨੂੰ ਪੰਜਾਬ ਸਰਕਾਰ ਵੱਲੋਂ ਜਿਹੜੀ ਰਕਮ ਸਰਕਾਰੀ ਖ਼ਜ਼ਾਨੇ ਤੋਂ ਦਿੱਤੀ ਜਾਂਦੀ ਹੈ ਉਹ ਬਹੁਤ ਜ਼ਿਆਦਾ ਹੈ। ਵਕੀਲ ਪ੍ਰਤੀ ਪੇਸ਼ੀ, ਪ੍ਰਤੀ ਕੇਸ 25 ਲੱਖ ਰੁਪਏ ਫ਼ੀਸ ਮੰਗ ਕਰ ਰਹੇ ਸਨ। ਪੰਜਾਬ ਸਰਕਾਰ ਨੇ ਐਡਵੋਕੇਟ ਜਨਰਲ ਨਾਲ ਦਫ਼ਤਰ ਤੋਂ ਇੱਕ ਬਾਹਰਲੇ ਵਕੀਲ ਲਈ ਪ੍ਰਤੀ ਪੇਸ਼ੀ 17.5 ਲੱਖ ਰੁਪਏ ਫ਼ੀਸ ਦੀ ਗੱਲਬਾਤ ਕੀਤੀ ਸੀ, ਪਰ ਵਕੀਲਾਂ ਨੂੰ ਏਨੀਆਂ ਵੱਡੀਆਂ ਫ਼ੀਸਾਂ ਦੇ ਕੇ ਵੀ ਵਾਰ-ਵਾਰ ਕੇਸ ਹਾਰਨੇ ਕਈ ਸਵਾਲ ਖੜੇ ਕਰਦਾ ਹੈ। ਇਸ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਕੇਸਾਂ ਦੀ ਪੈਰਵਾਈ ਕਰਨ ਲਈ ਏਜੀ ਦਫ਼ਤਰ ਨੂੰ ਛੱਡ ਕੇ ਬਾਹਰੋਂ ਲਿਆਂਦੇ ਗਏ ਸਾਰੇ ਵਕੀਲਾਂ ਨੂੰ ਪ੍ਰਤੀ ਪੇਸ਼ੀ ਦਿੱਤੀਆਂ ਗਈਆਂ ਫ਼ੀਸਾਂ ਬਾਰੇ ਵਾਈਟ ਪੇਪਰ ਜਾਰੀ ਕੀਤਾ ਜਾਵੇ ਅਤੇ ਇਸ ਦੀ ਜਾਂਚ ਕਰਵਾਈ ਜਾਵੇ।

## 'ਵਿਧਾਨ ਸਭਾ ਹਲਕਾ ਬਾਘਾਪੁਰਾਣਾ ਤੋਂ ਚੋਣ ਲੜਨਗੇ ਸਿਮਰਜੀਤ ਬੈਂਸ'

ਮੋਗਾ, 22 ਅਪ੍ਰੈਲ (ਗਿਆਨ ਸਿੰਘ ) ਲੋਕ ਇਨਸਾਫ ਪਾਰਟੀ ਦੀ ਮੀਟਿੰਗ ਬਾਘਾਪੁਰਾਣਾ ਵਿਖੇ ਜਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਦੀ ਪ੍ਰਧਾਨਗੀ ਵਿੱਚ ਹੋਈ,ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਪਾਰਟੀ ਵੱਲੋ 2016 ਤੋ ਲੈ ਕੇ ਪੰਜਾਬ ਦੇ ਪਾਣੀਆ ਦੀ ਲੜਾਈ, ਗਰੀਬ ਬੱਚਿਆਂ ਦੀ ਸਕੌਲਰ ਸਿੱਪ ਦੀ ਲੜਾਈ, ਪੰਚਾਇਤੀ ਜਮੀਨ ਦੀ ਲੜਾਈ,ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਖਿਲਾਫ ਲੜਾਈ ਅਤੇ ਅੱਜ ਮੋਦੀ ਸਰਕਾਰ ਵੱਲੋ ਬਣਾਏ ਕਾਲੇ ਕਨੂੰਨਾ ਖਿਲਾਫ ਲੜਾਈ ਦੀ ਸੁਰੂਆਤ ਸਭ ਤੋ ਪਹਿਲਾ ਅਮ੍ਰਿਤਸਰ ਸਾਹਿਬ ਤੋ ਚੰਡੀਗੜ ਤੱਕ 5 ਦਿੱਨ ਸਾਇਕਲਾਂ ਉਤੇ ਰੋਸ ਮਾਰਚ ਅਤੇ ਕਾਲੇ ਕਨੂੰਨ ਖਿਲਾਫ 10 ਲੱਖ ਪਰਚੇ ਛਪਵਾ ਕੇ ਲੋਕਾਂ ਵਿੱਚ ਵੰਡੇ ਅਤੇ ਅੱਜ ਵੀ ਲੋਕ ਇਨਸਾਫ ਪਾਰਟੀ ਦਿੱਲੀ ਵਿੱਖੇ ਕਿਸਾਨ ਸੰਘਰਸ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ। ਇਸ ਸਮੇ ਜਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਨੇ ਬੋਲਦਿਆ ਕਿਹਾ ਕਿ ਕਾਗਰਸ ਅਤੇ



ਅਕਾਲੀ ਦਲ ਆਪਸ ਵਿੱਚ ਘਿਓ ਖਿਚੜੀ ਹਨ ਇਹ ਗੁਰੂ ਗ੍ਰੰਥ ਸਾਹਿਬ ਬੇਅਦਬੀ ਕੇਸ ਵਿੱਚ ਬਾਦਲਾਂ ਨੂੰ ਬਚਾਉਣ ਲਈ ਕੋਟ ਅੰਦਰ ਕਾਂਗਰਸ ਦੀ ਢਿੱਲੀ ਕਾਰਗੁਜਾਰੀ ਤੋ ਸਿੱਧ ਹੋ ਗਿਆ ਹੈ।ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੀ ਜਿਸ ਕਰਕੇ ਲੋਕਾਂ ਵਿੱਚ ਸਾਰਥਿਕ ਪੱਖ ਨਹੀ ਰੱਖ ਸਕੀ ਜਦ ਕੇ ਲੋਕ ਇਨਸਾਫ ਪਾਰਟੀ ਦੇ ਕੇਵਲ ਦੋ ਐਮ ਐਲ ਏ ਹਨ ਬਲਵਿੰਦਰ ਸਿੰਘ ਬੈਸ ਅਤੇ ਸਿਮਰਜੀਤ ਸਿੰਘ ਬੈਸ ਜੋ ਕਿ ਵਿਧਾਨ ਸਭਾ ਵਿੱਚ ਗਰਜਦੇ ਅਮਰੀਕਾ ਤੱਕ ਸੁਣਦੇ ਹਨ।ਇਸ ਵਾਰ ਲੋਕ ਇਨਸਾਫ ਪਾਰਟੀ ਦੀ ਮੋਗਾ ਟੀਮ ਨੇ ਫੈਸਲਾ ਕੀਤਾ ਹੈ ਕਿ ਸਿਮਰਜੀਤ ਸਿੰਘ ਬੈਸ ਦੀ ਅਗਵਾਈ ਵਿੱਚ ਧਰਮਕੋਟ, ਮੋਗਾ, ਨਿਹਾਲ ਸਿੰਘ ਵਾਲਾ ਅਤੇ ਬਾਘਾਪੁਰਾਣਾ ਵਿਧਾਨ ਸਭਾ ਹਲਕਿਆਂ ਤੋ 2022 ਦੇ ਵਿਧਾਨ ਸਭਾ ਚੋਣਾਂ ਵਿੱਚ ਸਾਫ ਸਵੀ ਅਤੇ ਲੋਕਾਂ ਦੇ ਹਰਮਨ ਪਿਆਰੇ ਨੇਤਾਵਾਂ ਨੂੰ ਚੋਣ ਦੰਗਲ ਵਿੱਚ ਉਤਾਰਿਆ ਜਾਵੇਗਾ।ਇਸ ਸਮੇ ਹੋਰਨਾ ਤੋ ਇਲਾਵਾ ਮਹਿੰਦਰਪਾਲ ਸਿੰਘ ਦਾਨਗੜ ਪ੍ਰਧਾਨ ਮਾਲਵਾ ਯੋਨ, ਸਨੀ ਕੈਥ ਯੂਥ ਪ੍ਰਧਾਨ,ਜਸਵੀਰ ਸਿੰਘ ਆਕਲੀਆ, ਸਹਿਰੀ ਪ੍ਰਧਾਨ ਜਸਵਿੰਦਰ ਸਿੰਘ ਕਾਕਾ ਬਰਾੜ, ਮਨਜੀਤ ਸਿੰਘ ਭਲੂਰ, ਨਿਰਮਲ ਸਿੰਘ ਮਾਹਲਾ,ਲਖਵੀਰ ਸਿੰਘ ਹਰੀਏਵਾਲਾ, ਗੁਰਜੰਟ ਸਿੰਘ ਮਾਣੂਕੇ, ਕੁਲਬੀਰ ਸਿੰਘ ਲੱਕੀ, ਜਗਜੀਤ ਸਿੰਘ ਧਰਮਕੋਟ, ਸਵਰਨ ਸਿੰਘ ਮੋਗਾ,ਬੀਬੀ ਮਨਜੀਤ ਕੌਰ ਮਾਣੂਕੇ, ਬੀਬੀ ਸਰਬਜੀਤ ਕੌਰ ਬਾਘਾਪੁਰਾਣਾ,ਮਾਸਟਰ ਅਜੀਤ ਕੁਮਾਰ,ਰਵਿੰਦਰ ਸਿੰਘ,ਸੁਖਵਿੰਦਰ ਸਿੰਘ ਸਮਾਧ ਭਾਈ ਆਦਿ ਹਾਜਰ ਸਨ।

## ਪੁਲਸ ਦੇ ਹੱਥ ਲੱਗੇ ਵਾਟਸਐਪ ਚੈਟ ਵਿੱਚੋਂ ਸਮਲਿੰਗੀ ਗਰੁੱਪ ਦਾ ਭੇਦ ਖੁੱਲ੍ਹਾ

### * ਆਪ ਪਾਰਟੀ ਦੇ ਨੇਤਾ ਦੇ ਅਗਵਾ ਤੇ ਮਾਰਕੁੱਟ ਤੋਂ ਕੰਮ ਵਿਗੜਿਆ

ਮੋਗਾ, 22 ਅਪ੍ਰੈਲ (ਪੋਸਟ ਬਿਊਰੋ)- ਕੋਟਕਪੂਰਾ ਬਾਈਪਾਸ ਰੋਡ ਦੇ ਜਗਦੇਵ ਸਿੰਘ ਗਿੱਲ ਨਗਰ ਵਿੱਚ ਆਮ ਆਦਮੀ ਪਾਰਟੀ ਦੇ ਸ਼ਹਿਰੀ ਇਕਾਈ ਦੇ ਜਾਇੰਟ ਸੈਕਟਰੀ ਅਮਿਤ ਪੁਰੀ ਦੇ ਅਗਵਾ ਕੇਸ ਵਿੱਚ ਪੁਲਸ ਨੇ ਤਿੰਨ ਜਣਿਆਂ ਦੇ ਖਿਲਾਫ ਮਾਰਕੁੱਟ ਕਰਨ ਤੇ ਬੰਦੀ ਬਣਾ ਕੇ ਰੱਖਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਤਾਂ ਕੁਝ ਲੋਕਾਂ ਨੂੰ ਹਿਰਾਸਤ ਵਿੱਚ ਵੀ ਲਿਆ ਸੀ, ਜਿਨ੍ਹਾਂ ਤੋਂ ਪੁੱਛਗਿੱਛ ਦੇ ਦੌਰਾਨ ਹੈਰਾਨ ਕਰਨ ਵਾਲੀ ਕਹਾਣੀ ਸਾਹਮਣੇ ਆਈ ਹੈ।

ਇਸ ਬਾਰੇ ਪੁਲਸ ਸੂਤਰਾਂ ਨੇ ਦੱਸਿਆ ਕਿ ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਵਾਟਸਐਪ ਉੱਤੇ ਹੋਈ ਚੈਟਿੰਗ ਪੁਲਸ ਦੇ ਹੱਥ ਲੱਗੀ ਹੈ, ਜਿਸ ਤੋਂ ਸਮਲਿੰਗੀ ਗਰੁੱਪ ਦਾ ਪਤਾ ਲੱਗਾ ਹੈ। ਥਾਣਾ ਸਿਟੀ-ਇੱਕ ਦੇ ਥਾਣੇਦਾਰ ਲਖਬੀਰ ਸਿੰਘ ਨੇ ਦੱਸਿਆ ਕਿ ਅਮਿਤ ਪੁਰੀ ਨੇ ਸ਼ਿਕਾਇਤ ਦਰਜ ਕਰਾਈ ਹੈ ਕਿ ਜਗਦੇਵ ਸਿੰਘ ਯੂਵੀ, ਗਿੱਲ ਨਗਰ ਤੇ ਜਸਕਰਨ ਸਿੰਘ ਉਰਫ ਜੱਸਾ ਨਾਲ ਪੰਦਰਾਂ ਦਿਨ ਪਹਿਲਾਂ ਫੇਸਬੁਕ ਉੱਤੇ ਉਨ੍ਹਾਂ ਦੀ ਫਰੈਂਡਸ਼ਿਪ ਹੋਈ ਸੀ। 18 ਅਪ੍ਰੈਲ ਨੂੰ ਉਸ ਨੇ ਫੋਨ ਕਰ ਕੇ ਗਿੱਲ ਪਾਰਕ ਨੇੜੇ ਸੱਦਿਆ। ਇਥੋਂ ਜਗਦੇਵ ਸਿੰਘ ਗਿੱਲ ਨਗਰ ਦੇ ਆਪਣੇ ਘਰ ਲੈ ਗਿਆ ਤਾਂ ਉਥੇ ਮੌਜੂਦ ਦੋਸ਼ੀਆਂ ਨੇ ਉਸ ਨਾਲ ਕੁੱਟਮਾਰ ਕੀਤੀ ਤੇ ਤੀਹ ਹਜ਼ਾਰ ਰੁਪਏ ਮੰਗਣ ਲੱਗ ਪਏ। ਕਿਸੇ ਤਰ੍ਹਾਂ ਉਸ ਨੇ ਆਪਣੇ ਭਤੀਜੇ ਦੇ ਸਹਿਯੋਗ ਨਾਲ ਵੀਹ ਹਜ਼ਾਰ ਰੁਪਏ ਮੰਗਵਾ ਕੇ ਦੋਸ਼ੀਆਂ ਨੂੰ ਦਿਤੇ ਤਾਂ ਉਸ ਨੂੰ ਛੱਡਿਆ ਗਿਆ। ਬਾਅਦ ਵਿੱਚ ਉਸ ਨੂੰ ਮਥੁਰਾਦਾਸ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ। ਉਸ ਨੂੰ ਸ਼ੱਕ ਹੈ ਕਿ ਉਨ੍ਹਾਂ ਲੋਕਾਂ ਨੇ ਮਾਰਕੁੱਟ ਕਰਦੇ ਸਮੇਂ ਉਸ ਦਾ ਕੋਈ ਅਸ਼ਲੀਲ ਵੀਡੀਓ ਬਣਾਇਆ ਹੈ, ਜਿਸ ਨੂੰ ਉਹ ਇੰਟਰਨੈਟ ਮੀਡੀਆ ਉੱਤੇ ਵਾਇਰਲ ਕਰ ਸਕਦੇ ਹਨ। ਪੁਲਸ ਨੇ ਇਸ ਪੁਲਸ ਵਿੱਚ ਯੁਵੀ ਅਤੇ ਜਸਕਰਨ ਸਿੰਘ ਸਮੇਤ ਇੱਕ ਅਣਪਛਾਤੇ ਨੌਜਵਾਨ ਖਿਲਾਫ ਕੇਸ ਦਰਜ ਕੀਤਾ ਹੈ। ਥਾਣੇਦਾਰ ਲਖਬੀਰ ਸਿੰਘ ਦਾ ਕਹਿਣਾ ਹੈ ਕਿ ਅਜੇ ਜਾਂਚ ਜਾਰੀ ਹੈ।

## ਪ੍ਰੋ. ਅਰਵਿੰਦ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਿਯੁਕਤ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਉਘੇ ਫਿਜ਼ਿਕਸ ਵਿਗਿਆਨੀ ਅਤੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਂਡ ਰਿਸਰਚ, ਮੁਹਾਲੀ ਦੇ ਖੋਜ ਤੇ ਵਿਕਾਸ ਦੇ ਡੀਨ ਪ੍ਰੋਫੈਸਰ ਅਰਵਿੰਦ ਨੂੰ ਤਿੰਨ ਸਾਲਾਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਡਾ. ਬੀ ਐਸ ਘੁੰਮਣ ਵੱਲੋਂ ਅਸਤੀਫ਼ਾ ਦੇਣ ਪਿੱਛੋਂ ਬੀਤੇ ਛੇ ਮਹੀਨਿਆਂ ਤੋਂ ਇਹ ਅਹੁਦਾ ਖ਼ਾਲੀ ਸੀ। ਇਸ ਦੌਰਾਨ ਸੂਬਾ ਸਰਕਾਰ ਨੇ ਸੀਨੀਅਰ ਅਧਿਕਾਰੀ ਰਵਨੀਤ ਕੌਰ ਨੂੰ ਏਥੋਂ ਦਾ ਕਾਰਜਕਾਰੀ ਵਾਈਸ ਚਾਂਸਲਰ ਨਿਯੁਕਤ ਕੀਤਾ ਸੀ।

ਪ੍ਰੋਫੈਸਰ ਅਰਵਿੰਦ ਮੰਨੇ-ਪ੍ਰਮੰਨੇ ਸਿਧਾਂਤਕ ਕੁਐਂਟਮ ਫਿਜ਼ਿਕਸ ਵਿਗਿਆਨੀ ਹਨ ਜਿਨ੍ਹਾਂ ਦੀ ਪੰਜਾਬੀ ਭਾਸ਼ਾ ਵਿੱਚ ਵਿਗਿਆਨਕ ਸਿੱਖਿਆ, ਵਿ-ਗਆਨਕ ਸੰਚਾਰ ਤੇ ਵਿਗਿਆਨ ਦੀ ਪੜ੍ਹਾਈ ਕਰਾਉਣ ਦੇ ਤਰੀਕੇ ਵਿਕਸਤ ਕਰਨ ਵਿੱਚ ਡੂੰਘੀ ਦਿਲਚਸਪੀ ਹੈ। ਉਨ੍ਹਾਂ ਆਈ ਆਈ ਟੀ ਕਾਨਪੁਰ ਤੋਂ ਫਿਜ਼ਿਕਸ ਵਿੱਚ ਐਮ ਐਸ ਸੀ ਕੀਤੀ ਅਤੇ ਸਾਲ 1997 ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਬੰਗਲੌਰ ਦੇ ਸੈਂਟਰ ਫ਼ਾਰ ਥਿਊਰੈਟੀਕਲ ਸਟੱਡੀ ਤੇ ਫਿਜ਼ਿਕਸ



ਵਿਭਾਗ ਤੋਂ ਸਿਧਾਂਤਕ ਫਿਜ਼ਿਕਸਵਿੱਚ ਪੀ ਐਚ ਡੀ ਕੀਤੀ ਸੀ। ਫਿਰ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸਵਿਭਾਗ ਵਿੱਚ ਫੈਕਲਟੀ ਮੈਂਬਰ ਵਜੋਂ ਸੇਵਾਵਾਂ ਦਿੱਤੀਆਂ ਅਤੇ ਸਾਲ 2002 ਤੋਂ 2004 ਤੱਕ ਉਨ੍ਹਾਂ ਨੇ ਅਮਰੀਕਾ ਦੇ ਪਿਟਸਬਰਗ ਵਿਖੇ ਕਾਰਨੇਗੀ ਮੈਲਨ ਯੂਨੀਵਰਸਿਟੀ ਦੇ ਫਿਜ਼ਿਕਸਵਿਭਾਗ ਵਿਖੇ ਵਿਸ਼ੇਸ਼ ਫੈਕਲਟੀ ਮੈਂਬਰ ਵਜੋਂ ਸੇਵਾ ਨਿਭਾਈ। ਸਾਲ 2005 ਵਿੱਚ ਆਈ ਆਈ ਟੀ ਮਦਰਾਸ ਵਿੱਚਫਿਜ਼ਿਕਸਵਿਭਾਗ ਜੁਆਇਨ ਕੀਤਾ ਅਤੇ ਅਗਸਤ, 2007 ਵਿੱਚਆਈ ਆਈ ਐਸ ਈ ਆਰ ਮੁਹਾਲੀ ਵਿਖੇ ਬਾਨੀ ਫੈਕਲਟੀ ਮੈਂਬਰ ਵਜੋਂ ਸੇਵਾਵਾਂ ਦਿੱਤੀਆਂ।ਕੌਮਾਂਤਰੀ ਰਸਾਲਿਆਂ ਵਿੱਚ ਉਨ੍ਹਾਂ ਦੀਆਂ 70 ਰਚਨਾਵਾਂ ਛੱਪ ਚੁੱਕੀਆਂ ਹਨ ਅਤੇ ਉਨ੍ਹਾਂ ਦੀ ਸਰਪ੍ਰਸਤੀ ਹੇਠ ਸੱਤ ਵਿਦਿਆਰਥੀਆਂ ਨੇ ਪੀ ਐਚ ਡੀ ਅਤੇ 40 ਨੇ ਐਮ ਐਸ ਦੇ ਥੀਸਿਸ ਪੂਰੇ ਕੀਤੇ ਹਨ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਮੁਤਾਬਕ ਇਸ ਅਹੁਦੇ ਲਈ 64 ਅਰਜ਼ੀਆਂ ਆਈਆਂ ਸਨ, ਜਿਨ੍ਹਾਂ ਵਿੱਚੋਂ 10 ਅਯੋਗ ਪਾਈਆਂ ਗਈਆਂ ਅਤੇ 14 ਨਾਵਾਂ ਦੀ ਛਾਂਟੀ ਕੀਤੀ ਗਈ। ਮੁੱਖ ਸਕੱਤਰ ਵਿਨੀ ਮਹਾਜਨ ਦੀ ਅਗਵਾਈ ਵਾਲੀ ਚਾਰ ਮੈਂਬਰੀ ਕਮੇਟੀ ਨੇ ਛਾਂਟੀ ਕੀਤੇ ਉਮੀਦਵਾਰਾਂ ਦੀ ਇੰਟਰਵਿਊ ਲਈ ਅਤੇ ਚੋਣ ਕਰਨ ਲਈ ਤਿੰਨ ਨਾਵਾਂ ਦਾ ਪੈਨਲ ਮੁੱਖ ਮੰਤਰੀ ਨੂੰ ਭੇਜਿਆ ਗਿਆ। ਮੁੱਖ ਮੰਤਰੀ ਨੇ ਗਵਰਨਰ, ਜੋ ਯੂਨੀਵਰਸਿਟੀ ਦੇ ਚਾਂਸਲਰ ਹਨ, ਨੂੰ ਪ੍ਰੋ. ਅਰਵਿੰਦ ਦੀ ਨਿਯੁਕਤੀ ਦੀ ਸਿਫ਼ਾਰਸ਼ ਕੀਤੀ ਸੀ। ਡਾ. ਅਰਵਿੰਦ ਨੇ ਕਿਹਾ ਕਿ ਮੈਂ ਚਾਹਾਂਗਾ ਕਿ ਇਸ ਯੂਨੀਵਰਸਿਟੀ ਨੂੰ ਮੁੜ ਪੈਰਾਂ ਉੱਤੇ ਖੜ੍ਹਾ ਕਰਕੇ ਦੇਸ਼ ਦੀਆਂ ਮੁੱਖ ਯੂਨੀਵਰਸਿਟੀਆਂ ਦੀ ਕਤਾਰ ਵਿੱਚ ਲਿਆਂਦਾ ਜਾਏ ਅਤੇ ਇਸ ਮੰਤਵ ਲਈ ਉਹ ਸਾਰਿਆਂ ਦਾ ਸਹਿਯੋਗ ਮੰਗਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਿਆ ਢਾਂਚੇ ਨੂੰ ਕੌਮਾਂਤਰੀ ਲੀਹਾਂ ਉੱਤੇ ਲਿਆਉਣਾ ਮੇਰਾ ਲੰਬੇ ਸਮੇਂ ਤੋਂ ਸੁਫਨਾ ਹੈ।



# ਦਿੱਲੀ ਗੁਰਦੁਆਰਾ ਚੋਣਾਂ ਤੋਂ ਪਹਿਲਾਂ ਦੋ ਕਰੋੜ ਰੁਪਏ ਦੀ ਰਕਮ ਜ਼ਬਤ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਪਹਿਲਾਂ ਦੋ ਕਰੋੜ ਰੁਪਏ ਦੀ ਨਕਦੀ ਪੁਲਸ ਵੱਲੋਂ ਜ਼ਬਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਸੰਬੰਧ ਵਿੱਚ 'ਜਾਗੋ' ਪਾਰਟੀ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਭੇਜ ਕੇ ਦੋਸ਼ ਲਾਇਆ ਕਿ ਦੋ ਕਰੋੜ ਰੁਪਏ ਦੀ ਇਹ ਰਕਮ ਅਕਾਲੀ ਦਲ (ਬਾਦਲ) ਦੇ ਗੁਰ-ਦੁਆਰਾ ਰਕਾਬ ਗੰਜ ਸਾਹਿਬ ਦਫ਼ਤਰ ਤੋਂ ਪੰਜਾਬੀ ਬਾਗ਼ ਵਿਖੇ ਲਿਜਾਈ ਜਾਣੀ ਸੀ, ਜਿਸ ਨੂੰ 12 ਅਪ੍ਰੈਲ ਨੂੰ ਮੋਤੀ ਨਗਰ ਥਾਣੇ ਦੇ ਪੁਲਸ ਅਫ਼ਸਰਾਂ ਨੇ ਜ਼ਬਤ ਕੀਤਾ ਸੀ। ਇਸ ਪੈਸੇ ਦੀ ਵਰਤੋਂ ਗੁਰਦੁਆਰਾ ਚੋਣਾਂ ਵਿੱਚ ਸ਼ਰਾਬ ਵੰਡਣ ਅਤੇ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਹੋਣੀ ਸੀ।ਉਨ੍ਹਾਂ ਪੰਜਾਬ ਵਿੱਚ ਅਕਾਲੀ ਦਲ ਬਾਦਲ ਉੱਤੇ ਨਸ਼ਾ ਮਾਫ਼ੀਆ ਨਾਲ ਇਸ ਰਕਮ ਦੇ ਜੁੜੇ ਹੋਣ ਦੇ ਦੋਸ਼ ਲਾਏ। ਇਸ ਦੌਰਾਨ ਆਪਣਾ ਪੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਇਕਾਈ ਦੇ ਪ੍ਰਧਾਨ ਅਤੇ ਦਿੱਲੀ ਗੁਰਦ-ਆਰਾ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਉਲਟਾ ਇਹ ਦੋਸ਼ ਲਾਇਆ ਕਿ ''ਇਹ ਰਕਮ ਮਨਜੀਤ ਸਿੰਘ ਜੀ ਕੇ ਅਤੇ ਪਰਮਜੀਤ ਸਿੰਘ ਸਰਨਾ ਦੀ ਹੈ, ਜੋ ਪੰਜਾਬ ਤੋਂ ਸ਼ਰਾਬ ਕੰਪਨੀ ਤੋਂ ਚੋਣਾਂ ਵਿੱਚ ਵੰਡਣ ਲਈ ਆਈ ਸੀ।

# ਮੰਗਲ ਉੱਤੇ ਹੈਲੀਕਾਪਟਰ ਉਡਾਣ ਵਿੱਚ ਭਾਰਤ ਮੂਲ ਦੇ ਵਿਗਿਆਨੀ ਦੀ ਅਹਿਮ ਭੂਮਿਕਾ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਮੰਗਲ ਗ੍ਰਹਿ ਉੱਤੇ ਇੱਕ ਰੋਬੋਟ ਹੈਲੀਕਾਪਟਰ ਦੀ ਪਹਿਲੀ ਉਡਾਣ ਨਾਲ ਨਾਸਾ ਵੱਲੋਂ ਇਤਿਹਾਸ ਰਚਣ ਵਿੱਚ ਭਾਰਤੀ ਮੂਲ ਦੇ ਇੱਕ ਵਿਗਿਆਨੀ ਦੀ ਅਹਿਮ ਭੂਮਿਕਾ ਰਹੀ। ਇਸ ਹੈਲੀਕਾਪਟਰ ਮਿਸ਼ਨ ਦੇ ਚੀਫ ਇੰਜੀਨੀਅਰ ਬੌਬ ਬਲਰਾਮ ਆਈ ਆਈ ਟੀ ਮਦਰਾਸ ਤੋਂ ਪੜ੍ਹਾਈ ਕਰ ਕੇ ਗਏ ਹਨ। ਉਹ ਅਮਰੀਕੀ ਪੁਲਾੜ ਏਜੰਸੀ ਨਾਲ ਬੀਤੇ ਵੀਹ ਸਾਲਾਂ ਤੋਂ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਟੀਮ ਇਸ ਲਾਲ ਗ੍ਰਹਿ ਲਈ ਹੁਣ ਇੱਕ ਵੱਡੇ ਆਕਾਰ ਦੇ ਹੈਲੀਕਾਪਟਰ ਦਾ ਡਿਜ਼ਾਈਨ ਤਿਆਰ ਕਰਨ ਵਿੱਚ ਲੱਗੇ ਹਨ। ਇਹ ਨਵਾਂ ਹੈਲੀਕਾਪਟਰ ਸਾਢੇ ਚਾਰ ਕਿਲੋਗਰਾਮ ਤੱਕ ਦੇ ਜੰਤਰ ਢੋਣ ਦੇ ਸਮਰੱਥ ਹੋਵ-ੇਗਾ।ਨਾਸਾ ਦੇ ਇੰਜੇਨਯੂਜੀ ਨਾਂਅ ਦੇ ਹੈਲੀਕਾਪਟਰ ਨੇ ਮੰਗਲ ਗ੍ਰਹਿ ਉੱਤੇ ਬੀਤੇ ਦਿਨੀਂ ਪਹਿਲੀ ਉਡਾਣ ਭਰੀ ਤਾਂ ਧਰਤੀ ਤੋਂ ਪਰੇ ਕਿਸੇ ਹੋਰ ਗ੍ਰਹਿ ਉੱਤੇ ਇਸ ਤਰ੍ਹਾਂ ਦੀ ਇਹ ਪਹਿਲੀ ਉਡਾਣ ਸੀ। ਲਗਭਗ 18 ਕਿਲੋਗਰਾਮ ਦਾ ਇਹ



ਹੈਲੀਕਾਪਟਰ ਉਡਾਣ ਦੌਰਾਨ 10 ਫੁੱਟ ਦੀ ਉਚਾਈ ਹਾਸਲ ਕਰਨ ਵਿੱਚ ਸਫਲ ਰਿਹਾ। ਇਸ ਮਿਸ਼ਨ ਨੂੰ ਲਾਸ ਏਂਜਲਸ ਕੋਲ ਨਾਸਾ ਦੇ ਜੈਟ ਪ੍ਰੋਪਲਸਨ ਲੈਬਾਰਟਰੀ ਤੋਂ ਚਲਾਇਆ ਗਿਆ। ਮਿਸ਼ਨ ਦੇ ਚੀਫ ਇੰਜੀਨੀਅਰ ਬਲਰਾਮ ਨੇ ਇੰਜੇਨਯੂਟੀ ਵਿਕਸਤ ਕੀਤਾ ਸੀ। ਉਹ ਆਈ ਆਈ ਟੀ ਮਦਰਾਸ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਪਿੱਛੋਂ ਅਮਰੀਕਾ ਚਲੇ ਗਏ ਸਨ ਅਤੇ ਇਸ ਤੋਂ ਬਾਅਦ ਉਨ੍ਹਾਂ ਨਿਊ ਯਾਰਕ ਦੇ ਰੇਨਸੀਲਰ ਪੋਲੀਟੈਕਨੀਕਲ ਇੰਸਟੀਚਿਊਟ ਤੋਂ ਕੰਪਿਊਟਰ ਐਂਡ ਸਿਸਟਮ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਪੀ ਐਚ ਡੀ ਦੀ ਡਿਗਰੀ ਲਈ।

## 22 ਲੱਖ ਦੀ ਕਾਰ ਵੇਚ ਕੇ ਇੱਕ ਸ਼ਖਸ ਨੇ ਚਾਰ ਹਜ਼ਾਰ ਕੋਰੋਨਾ ਮਰੀਜ਼ਾਂ ਨੂੰ ਆਕਸੀਜਨ ਪੁਚਾਈ



ਮੁੰਬਈ, 22 ਅਪ੍ਰੈਲ (ਪੋਸਟ ਬਿਊਰੋ)- ਮੁੰਬਈ ਸਮੇਤ ਪੂਰੇ ਮਹਾਰਾਸ਼ਟਰ ਵਿੱਚ ਕੋਰੋਨਾ ਮਰੀਜ਼ਾਂ ਲਈ ਆਕਸੀਜਨ ਦੀ ਕਮੀ ਕਾਰਨ ਮਰੀਜ਼ ਲਗਾਤਾਰ ਦਮ ਤੋੜ ਰਹੇ ਹਨ, ਪਰ ਇਸ ਦੌਰਾਨ ਇੱਕ ਅਜਿਹਾ ਸ਼ਖਸ ਵੀ ਹੈ, ਜਿਸ ਨੇ ਆਪਣੀ ਐਸ ਯੂ ਵੀ ਗੱਡੀ ਵੇਚ ਕੇ ਮਰੀਜ਼ਾਂ ਤੱਕ ਆਕਸੀਜਨ ਸਿਲੰਡਰ ਪਹੁੰਚਾਏ ਹਨ।

ਮਲਾਡ ਵਿੱਚ ਰਹਿਣ ਵਾਲੇ ਸ਼ਾਹਨਵਾਜ਼ ਸ਼ੇਖ਼ ਇਸ ਹਿੰਮਤ ਸਦਕਾ'ਆਕਸੀਜਨ ਮੈਨ' ਵਜੋਂ ਮਸ਼ਹੂਰ ਹੋਏ ਹਨ। ਸ਼ਾਹਨਵਾਜ਼ ਨੇ ਮਰੀਜ਼ਾਂ ਦੀ ਮਦਦ ਲਈ ਕੁਝ ਦਿਨ ਪਹਿਲਾਂ ਆਪਣੀ 22 ਲੱਖ ਰੁਪਏ ਦੀ ਐਸ ਯੂ ਵੀ ਵੇਚ ਦਿੱਤੀ ਤੇ ਇਨ੍ਹਾਂ ਪੈਸਿਆਂ ਨਾਲ ਉਨ੍ਹਾਂ ਨੇ 160 ਆਕਸੀਜਨ ਸਿਲੰਡਰ ਖਰੀਦ ਕੇ ਜ਼ਰੂਰਤਮੰਦਾਂ ਤੱਕ ਪਹੁੰਚਾਏ। ਉਨ੍ਹਾਂ ਦੇ ਦੋਸਤ ਅੱਬਾਸ ਰਿਜ਼ਵੀ ਵੀ ਇਸ ਕੰਮ ਵਿੱਚ ਉਨ੍ਹਾਂ ਦੀ ਮਦਦ ਕਰਦੇ ਹਨ।ਸ਼ਾਹਨਵਾਜ਼ ਨੇ ਦੱਸਿਆ ਕਿ ਕੋਰੋਨਾ ਮਹਾਮਾਰੀ ਦੇ ਸ਼ੁਰੂ ਵਿੱਚ ਪਿਛਲੇ ਸਾਲ ਇੱਕ ਦੋਸਤ ਦੀ ਪਤਨੀ ਨੇ ਆਕਸੀਜਨ ਦੀ ਕਮੀ ਨਾਲ ਆਟੋ ਰਿਕਸ਼ਾ ਵਿੱਚ ਦਮ ਤੋੜ ਦਿੱਤਾ ਤਾਂ ਇਸ ਘਟਨਾ ਦੇ ਬਾਅਦ ਉਨ੍ਹਾਂ ਨੇ ਤੈਅ ਕੀਤਾ ਕਿ ਉਹ ਮੁੰਬਈ ਵਿੱਚ ਕੋਰੋਨਾ ਮਰੀਜ਼ਾਂ ਲਈ ਆਕਸੀਜਨ ਸਪਲਾਈ ਦਾ ਕੰਮ ਕਰਨਗੇ। ਲੋਕਾਂ ਤੱਕ ਸਮੇਂ ਉੱਤੇ ਮਦਦ ਪਹੁੰਚਾਉਣ ਦੇ ਲਈ ਸ਼ਾਹਨਵਾਜ਼ ਨੇ ਇੱਕ ਹੈਲਪਲਾਈਨ ਨੰਬਰ ਜਾਰੀ ਕੀਤਾ ਅਤੇ ਇੱਕ ਵਾਰ ਰੂਮ ਵੀ ਬਣਾਇਆ ਹੈ, ਜਿੱਥੇ ਰੋਜ਼ਾਨਾ 500 ਤੋਂ 600 ਕਾਲਜ਼ ਆ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਇਸ ਸਮੇਂ 200 ਤੋਂ 300 ਆਕਸੀਜਨ ਸਿਲੰਡਰ ਹਨ ਅਤੇ ਫੋਨ ਕਰਨ ਵਾਲੇ ਨੂੰ ਉਹ ਇਥੇ ਬੁਲਾ ਕੇ ਆਕਸੀਜਨ ਲੈ ਜਾਣ ਲਈ ਕਹਿੰਦੇ ਹਨ। ਜੋ ਆ ਨਹੀਂ ਸਕਦਾ, ਉਸ ਦੇ ਘਰ ਤੱਕ ਸਿਲੰਡਰ ਪਹੁੰਚਾਇਆ ਜਾਂਦਾ ਹੈ। ਸ਼ਾਹਨਵਾਜ਼ ਦੱਸਦੇ ਹਨ, ਉਹ ਅੱਕ ਤੱਕ 4000 ਤੋਂ ਜ਼ਿਆਦਾ ਲੋਕਾਂ ਤੱਕ ਮਦਦ ਪਹੁੰਚਾ ਚੁੱਕੇ ਹਨ।

# ਦਿੱਲੀ ਦੇ ਕਈ ਹਸਪਤਾਲਾਂ ਨੇ ਹਰਿਆਣਾ ਸਰਕਾਰ ਉੱਤੇ ਆਕਸੀਜਨ ਸਪਲਾਈ ਰੋਕਣ ਦਾ ਦੋਸ਼ ਲਾਇਆ

* ਹਰਿਆਣਾ ਸਰਕਾਰ ਵੱਲੋਂ ਦਿੱਲੀ ਉੱਤੇ ਮੋੜਵਾਂ ਦੋਸ਼

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਕਈ ਹਸਪਤਾਲਾਂ ਨੇ ਕੱਲ੍ਹ ਦੋਸ਼ ਲਾਇਆ ਕਿ ਦਿੱਲੀ ਦੇ ਹਸਪਤਾਲਾਂ ਨੂੰ ਆਕਸੀਜਨ ਸਪਲਾਈ ਕਰਨ ਤੋਂ ਹਰਿਆਣਾ ਸਰਕਾਰ ਆਕਸੀਜਨਡੀਲਰਾਂ ਨੂੰ ਰੋਕਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਹਸਪਤਾਲਾਂ ਵਿੱਚ ਆਕਸੀਜਨ ਦਾ ਸੀਮਿਤ ਸਟਾਕ ਬਚਿਆ ਹੈ, ਪਰ ਇਸ ਵੇਲੇ ਇਨ੍ਹਾਂ ਹਸਪਤਾਲਾਂ ਵਿੱਚ ਕੋਰੋਨਾ ਵਾਇਰਸ ਦੇ ਸੈਂਕੜੇ ਮਰੀਜ਼ ਜ਼ਿੰਦਗੀ ਲਈ ਸੰਘਰਸ਼ ਕਰ ਰਹੇ ਹਨ।



ਦਿੱਲੀ ਦੀ ਪੂਸਾ ਰੋਡ ਵਾਲੇ ਸਰ ਗੰਗਾਰਾਮ ਸਿਟੀ ਹਸਪਤਾਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ਾਮ 4.30 ਵਜੇ ਹਸਪਤਾਲ ਵਿੱਚ ਸਿਰਫ ਚਾਰ ਘੰਟੇ ਦੀ ਆਕਸੀਜਨ ਬਾਕੀ ਸੀ ਤੇ ਹਸਪਤਾਲ ਵਿੱਚ ਕੋਰੋਨਾ ਦੇ 58 ਮਰੀਜ਼ ਸਨ, ਜਿਨ੍ਹਾਂ ਵਿੱਚੋਂ 10 ਜਣੇ ਆਈ ਸੀ ਯੂ ਵਿੱਚ ਸਨ। ਉਨ੍ਹਾਂ ਕਿਹਾ, ''ਇਕ ਡੀਲਰ ਦੇ ਨੁਮਾਇੰਦੇ ਨੇ ਦੱਸਿਆ ਕਿ ਹਰਿਆਣਾ ਸਰਕਾਰ ਉਨ੍ਹਾਂ ਨੂੰ ਆਕਸੀਜਨ ਦੇ ਸਿਲੰਡਰ ਅਤੇ ਲੀਕੁਇਡ ਆਕਸੀਜਨ ਸਰ ਗੰਗਾ ਰਾਮ ਹਸਪਤਾਲ ਨੂੰ ਸਪਲਾਈ ਕਰਨ ਦੇ ਲਈ ਮਨਜ਼ੂਰੀ ਨਹੀਂ ਦੇ ਰਹੀ।'' ਉਨ੍ਹਾਂ ਕਿਹਾ ਕਿ ਇਸ ਬਾਰੇ ਕੇਂਦਰ ਸਰਕਾਰ ਨੂੰ ਦਖਲ ਦੇਣਾ ਚਾਹੀਦਾ ਹੈ ਕਿਉਂਕਿ ਹਰਿਆਣਾ ਤੋਂ ਆਕਸੀਜਨ ਦੀ ਸਪਲਾਈ ਰੁਕਣ ਕਾਰਨ ਵੱਡੀ ਗਿਣਤੀ ਵਿੱਚ ਹਸਪਤਾਲ ਪ੍ਰਭਾਵਤ ਹੋ ਰਹੇ ਹਨ। ਸੇਂਟ ਸਟੀਫਨਜ਼ ਹਸਪਤਾਲ ਦੇ ਇੱਕ ਬੁਲਾਰੇ ਨੇ ਕਿਹਾ ਕਿ ਸ਼ਾਮ ਚਾਰ ਵਜੇ ਦੇ ਕਰੀਬ ਉਨ੍ਹਾਂ ਕੋਲ ਸਿਰਫ ਦੋ ਘੰਟਿਆਂ ਦੀ ਆਕਸੀਜਨ ਬਾਕੀ ਸੀ। ਉਨ੍ਹਾਂ ਦੋਸ਼ ਲਾਇਆ, ''ਹਰਿਆਣਾ ਸਰਕਾਰ ਡੀਲਰਾਂ ਨੂੰ ਸਾਨੂੰ ਆਕਸੀਜਨ ਦੀ ਸਪਲਾਈ ਕਰਨ ਦੀ ਮਨਜ਼ੂਰੀ ਨਹੀਂ ਦੇ ਰਹੀ ਹੈ, ਜਦੋਂ ਕਿ ਹਸਪਤਾਲ ਵਿਚਲੇ 350 ਮਰੀਜ਼ਾਂ ਵਿੱਚੋਂ ਕਰੀਬ 200 ਨੂੰ ਆਕਸੀਜਨ ਦੀ ਲੋੜ ਹੈ।'' ਇਸੇ ਤਰ੍ਹਾਂ ਓਖਲਾ ਵਿੱਚ ਹੋਲੀ ਫੈਮਿਲੀ ਹਸਪਤਾਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੀਤਾ, ''ਦਿੱਲੀ ਨਾਲ ਲੱਗਦੇ ਰਾਜ ਨੇ ਆਕਸੀਜਨ ਲੈ ਕੇ ਆ ਰਿਹਾ ਟੈਂਕਰ ਰੋਕ ਦਿੱਤਾ ਹੈ ਅਤੇ ਹਸਪਤਾਲ ਵਿੱਚ ਕੁਝ ਹੀ ਘੰਟਿਆਂ ਦੀ ਆਕਸੀਜਨ ਬਾਕੀ ਹੈ। ਅਸੀਂ ਤਿੰਨ-ਚਾਰ ਡੀਲਰਾਂ ਨੂੰ ਨਵੇਂ ਆਰਡਰ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ।'' ਇਸੇ ਤਰ੍ਹਾਂ ਅੰਬੇਦਕਰ ਨਗਰ ਹਸਪਤਾਲ ਨੇ ਵੀ ਸਿਰਫ 24 ਘੰਟਿਆਂ ਦੀ ਆਕਸੀਜਨ ਹੋਣ ਦੀ ਗੱਲ ਦੱਸੀ।

ਦੂਸਰੇ ਪਾਸੇ ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿੱਜ ਨੇ ਦਿੱਲੀ ਸਰਕਾਰ ਉੱਤੇ ਦੋਸ਼ ਲਾਇਆ ਹੈ ਕਿ ਕੱਲ੍ਹ ਦਿੱਲੀ ਰਾਹੀਂ ਫਰੀਦਾਬਾਦ ਦੇ ਹਸਪਤਾਲਾਂ ਲਈ ਆਕਸੀਜਨ ਗੈਸ ਲੈ ਕੇ ਜਾ ਰਹੇ ਹਰਿਆਣਾ ਦੇ ਇੱਕ ਟੈਂਕਰ ਨੂੰ ਦਿੱਲੀ ਸਰਕਾਰ ਨੇ ਜਬਰੀ ਰੋਕਿਆ ਅਤੇ ਉਸ ਵਿੱਚੋਂ ਆਕਸੀਜਨ ਚੋਰੀ ਕਰ ਲਈ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿੱਚ ਆਕਸੀਜਨ ਦੀ ਮਾਤਰਾ ਲੋੜ ਜੋਗੀ ਪੂਰੀ ਹੈ। ਹਰਿਆਣਾ ਵਿੱਚ 270 ਟਨ ਗੈਸ ਬਣਦੀ ਹੈ। ਕੁਝ ਆਕਸੀਜਨ ਬੱਦੀ (ਹਿਮਾਚਲ ਪ੍ਰਦੇਸ਼) ਤੋਂ ਆ ਰਹੀ ਸੀ ਅਤੇ ਕੁਝ ਭਿਵਾੜੀ, ਜ਼ਿਲ੍ਹਾ ਅਲਵਰ (ਰਾਜਸਥਾਨ) ਤੋਂ ਆਉਂਦੀ ਹੈ। ਦੋਵਾਂ ਸਰਕਾਰਾਂ ਨੇ ਹਰਿਆਣਾ ਨੂੰ ਆਕਸੀਜਨ ਦੀ ਸਪਲਾਈ ਬੰਦ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਉਪਰ ਦਿੱਲੀ ਨੂੰ ਆਕਸੀਜਨ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ, ਪਰ ਪਹਿਲਾਂ ਹਰਿਆਣਾ ਦੀ ਸਪਲਾਈ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ, ''ਸਾਨੂੰ ਗੈਸ ਦੇਣ ਵਿੱਚ ਕੋਈ ਦਿੱਕਤ ਨਹੀਂ, ਜੇ ਸਾਡੇ ਕੋਲ ਬਚੇਗੀ ਤਾਂ ਜ਼ਰੂਰ ਦੇਵਾਂਗੇ, ਸਾਡੀ ਪਹਿਲ ਹਰਿਆਣਾ ਹੈ।'' ਸਿਹਤ ਮੰਤਰੀ ਨੇ ਕਿਹਾ ਕਿ ਜੇ ਸਰਕਾਰਾਂ ਇਸ ਤਰ੍ਹਾਂ ਆਪਾ-ਧਾਪੀ ਕਰਨਗੀਆਂ ਤਾਂ ਹਾਲਾਤ ਵਿਗੜ ਸਕਦੇ ਹਨ। ਉਨ੍ਹਾਂ ਹੁਕਮ ਦਿੱਤੇ ਹਨ ਕਿ ਗੈਸ ਲੈ ਕੇ ਜਾਣ ਵਾਲਾ ਟੈਂਕਰ ਪੁਲਸ ਦੀ ਨਿਗਰਾਨੀ ਹੇਠ ਜਾਵੇਗਾ।

## ਫਰਾਂਸ ਤੋਂ ਚਾਰ ਹੋਰ ਰਾਫੇਲ ਜਹਾਜ਼ ਭਾਰਤ ਪਹੁੰਚੇ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਚਾਰ ਰਾਫੇਲ ਜੰਗੀ ਜਹਾਜ਼ਾਂ ਦੀ ਪੰਜਵੀਂ ਖੇਪ ਕੱਲ੍ਹ ਫਰਾਂਸ ਤੋਂ ਭਾਰਤ ਪਹੁੰਚ ਗਈ ਹੈ। ਬਿਨਾਂ ਰੁਕੇ ਅੱਠ ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਇਨ੍ਹਾਂ ਜਹਾਜ਼ਾਂ ਵਿੱਚ ਰੀ-ਫਿਊਲਿੰਗ ਫਰਾਂਸ ਦੀ ਹਵਾਈ ਫੌਜ ਅਤੇ ਯੂ ਏ ਈ ਨੇ ਕੀਤੀ ਸੀ।ਭਾਰਤੀ ਹਵਾਈ ਫੌਜ ਦੇ ਮੁਖੀ ਆਰ ਕੇ ਐਸ ਭਦੌਰੀਆ ਨੇ ਇਨ੍ਹਾਂ ਜਹਾਜ਼ਾਂ ਨੂੰ ਹਰੀ ਝੰਡੀ ਦਿਖਾ ਕੇ ਫਰਾਂਸ ਦੇ ਮੈਰੀਗਨੇਕ ਬਾਰਡਾਕਸ ਏਅਰਬੇਸ ਤੋਂ ਭੇਜਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਰਾਫੇਲ ਜੰਗੀ ਜਹਾਜ਼ਾਂ ਦੀ ਇਸ ਪੰਜਵੀਂ ਖੇਪ ਦੇ ਭਾਰਤ ਪਹੁੰਚਣ ਨਾਲ ਭਾਰਤੀ ਹਵਾਈ ਫੌਜ ਕੋਲ ਕੁੱਲ 18 ਰਾਫੇਲ ਜਹਾਜ਼ ਹੋ ਗਏ ਹਨ। ਇਸ ਨਾਲ ਭਾਰਤੀ ਹਵਾਈ ਫੌਜ ਕੋਲ ਰਾਫੇਲ ਜਹਾਜ਼ਾਂ ਦੀ ਇੱਕ ਸਕਵਾਡਰਨ ਪੂਰੀ ਹੋ ਗਈ ਹੈ। 18 ਜਹਾਜ਼ਾਂ ਦੀ ਪਹਿਲੀ ਸਕਵਾਰਡਨ ਨੂੰ ਅੰਬਾਲਾ ਏਅਰਬੇਸ ਉੱਤੇਰੱਖਿਆ ਹੈ। ਦੂਸਰੀ ਸਕਵਾਡਰਨ ਬਾਕੀ 18 ਰਾਫੇਲ ਜਹਾਜ਼ਾਂ ਨੂੰ ਪੱਛਮੀ ਬੰਗਾਲ ਦੇ ਹਾਸ਼ੀਮਾਰਾ ਏਅਰਬੇਸ ਉੱਤੇਰੱਖਿਆ ਜਾਣਾ ਹੈ। ਹਵਾਈ ਫੌਜ ਦੇ ਮੁਖੀ ਭਦੌਰੀਆ ਪੰਜ ਦਿਨਾ ਦੌਰੇ ਉੱਤੇ ਫਰਾਂਸ ਵਿਖੇ ਸੋਮਵਾਰ ਨੂੰ ਹੀ ਪਹੁੰਚੇ ਸਨ। ਉਹ ਫਰਾਂਸੀਸੀ ਪਾਇਲਟਾਂ ਨਾਲ ਇਨ੍ਹਾਂ ਜਹਾਜ਼ਾਂ ਨੂੰ ਬਿਨਾਂ ਰੁਕੇ ਭਾਰਤ ਪਹੁੰਚਣ ਦੇ ਲਈ ਫਰਾਂਸ ਅਤੇ ਯੂ ਏ ਈ ਦੀ ਵਿਵਸਥਾ ਦੇਖਣ ਗਏ ਸਨ। ਚਾਰਾਂ ਰਾਫੇਲ ਜਹਾਜ਼ ਕੱਲ੍ਹ ਦੇਰ ਰਾਤ 11.45 ਵਜੇ ਕਿਸੇ ਭਾਰਤੀ ਹਵਾਈ ਫੌਜੀ ਅੱਡੇ ਉੱਤੇ ਲੈਂਡ ਹੋਏ। ਇਨ੍ਹਾਂ ਜਹਾਜ਼ਾਂ ਦੀ ਰੀ-ਫਿਊਲਿੰਗ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਹਵਾ ਵਿੱਚ ਹੀ ਹੋਈ ਸੀ।

# ਕੋਰੋਨਾ ਵਿਰੁੱਧ ਜੰਗ: ਰੱਖਿਆ ਮੰਤਰੀ ਨੇ ਰੱਖਿਆ ਸੰਗਠਨਾਂ ਤੇ ਛਾਉਣੀ ਬੋਰਡਾਂ ਨੂੰ ਵੀ ਮੈਦਾਨ ਵਿੱਚ ਉਤਾਰਿਆ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਕੇਸ ਵਿੱਚ ਵਾਧੇ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਫੌਜ ਨੂੰ ਕਿਹਾ ਕਿ ਉਹ ਮਰੀਜ਼ਾਂ ਲਈ ਵਾਧੂ ਸਹੂਲਤਾਂ ਦੇਣ ਸਮੇਤ ਇਸ ਮਹਾਮਾਰੀ ਨਾਲ ਨਜਿੱਠਣ ਵਿੱਚ ਸੂਬਾ ਸਰਕਾਰਾਂ ਦਾ ਸਹਿਯੋਗ ਕਰਨ। ਉਨ੍ਹਾਂ ਨੇ ਫੌਜ ਮੁਖੀ ਜਨਰਲ ਐਮ ਐਮ ਨਰਵਣੇ ਨੂੰ ਇਸ ਗੱਲ ਤੋਂ ਜਾਣੂ ਕਰਾਉਣ ਤੋਂ ਬਾਅਦ ਇਹ ਫੈਸਲਾ ਕੀਤਾ ਹੈ ਕਿ ਫੌਜ ਆਪਣੇ ਮੈਡੀਕਲ ਸੈਂਟਰਾਂ ਵਿੱਚ ਆਮ ਲੋਕਾਂ ਦਾ ਇਲਾਜ ਕਰਨ ਬਾਰੇ ਵਿਚਾਰ ਕਰੇਗੀ ਤੇ ਪ੍ਰਸ਼ਾਸਨ ਨੂੰ ਵਾਧੂ ਸਹਿਯੋਗ ਵੀ ਦੇਵੇਗੀ। ਇਸ ਦੇ ਨਾਲ ਇਹ ਫੈਸਲਾ ਵੀ ਕੀਤਾ ਗਿਆ ਹੈ ਕਿ ਕਿਸੇ ਸੂਬੇ ਵਿੱਚ ਸਭ ਤੋਂ ਸੀਨੀਅਰ ਫੌਜੀ ਅਧਿਕਾਰੀ ਉਥੋਂ ਦੇ ਮੁੱਖ ਮੰਤਰੀ ਦੇ ਸੰਪਰਕ ਵਿੱਚ ਰਹੇਗਾ ਤਾਂ ਕਿ ਇਹ ਪਤਾ ਕੀਤਾ ਜਾ ਸਕੇ ਕਿ ਜ਼ਰੂਰਤਾਂ ਕੀ ਹਨ ਤੇ ਇਲਾਜ ਦੀ ਸਹੂਲਤ ਅਤੇ ਪ੍ਰਕਿਰਿਆ ਕਿਵੇਂ ਅੱਗੇ ਵਧਾਈ ਜਾਵੇ।



ਰੱਖਿਆ ਮੰਤਰੀ ਰਾਜਨਾਥ ਸਿੰਘ ਇਸ ਮਾਮਲੇ ਵਿੱਚ ਆਪਣੇ ਮੰਤਰਾਲੇਅਤੇ ਫੌਜ ਦੇ ਤਿੰਨਾਂ ਅੰਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ ਤੇ ਮੁੱਖ ਜ਼ੋਰ ਇਸ ਗੱਲ ਉੱਤੇ ਹੈ ਕਿ ਦੇਸ਼ ਵਿੱਚ ਕੋਰੋਨਾ ਮਹਾਮਾਰੀ ਨਾਲ ਨਜਿੱਠਣ ਵਿੱਚ ਕਿਵੇਂ ਗੈਰ-ਫੌਜੀ ਪ੍ਰਸ਼ਾਸਨ ਦੀ ਮਦਦ ਕੀਤੀ ਜਾ ਸਕਦੀ ਹੈ। ਹਵਾਈ ਫ਼ੌਜ ਤੇ ਸਮੁੰਦਰੀ ਫੌਜ ਦੇ ਮੁਖੀਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਉਹ ਹਾਲਤ ਨਾਲ ਨਜਿੱਠਣ ਦੀ ਆਪਣੀ ਤਿਆਰੀ ਰੱਖਣ। ਇਸ ਬਾਰੇ ਰੱਖਿਆ ਸਕੱਤਰ ਅਜੇ ਕੁਮਾਰ ਨੇ ਉਨ੍ਹਾਂ ਸੰਭਾਵੀ ਖੇਤਰਾਂ ਦੀ ਸਮੀਖਿਆ ਕੀਤੀ ਹੈ, ਜਿਨ੍ਹਾਂ ਵਿੱਚ ਹਥਿਆਰਬੰਦ ਦਸਤੇ ਸਥਾਨਕ ਪ੍ਰਸ਼ਾਸਨ ਦੀ ਮਦਦ ਕਰ ਸਕਦੇ ਹਨ। ਇਸ ਤੋਂ ਬਾਅਦ ਰੱਖਿਆ ਮੰਤਰਾਲੇ ਨੇ ਛਾਉਣੀ ਬੋਰਡਾਂ ਵੱਲੋਂ ਚਲਾਏ ਜਾਂਦੇ 67 ਹਸਪਤਾਲਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਛਾਉਣੀ ਖੇਤਰ ਵਿੱਚ ਰਹਿਣ ਵਾਲਿਆਂ ਦੇ ਨਾਲ ਬਾਹਰ ਦੇ ਲੋਕਾਂ ਨੂੰ ਵੀ ਮੈਡੀਕਲ ਸਹੂਲਤ ਮੁਹੱਈਆ ਕਰਵਾਉਣ।ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਨੂੰ ਪਹਿਲਾਂ ਹੀ ਕਹਿ ਦਿੱਤਾ ਗਿਆ ਹੈ ਕਿ ਉਹ ਪੂਰੇ ਦੇਸ਼ ਵਿੱਚ ਹਰ ਮਦਦ ਦੇਣ। ਡੀ ਆਰ ਡੀ ਓ ਨੇ ਦਿੱਲੀ ਹਵਾਈ ਅੱਡੇ ਨੇੜੇ ਮਰੀਜ਼ਾਂ ਦੇ ਇਲਾਜ ਲਈ ਮੈਡੀਕਲ ਸਹੂਲਤ ਕੇਂਦਰ ਫਿਰ ਤੋਂ ਖੋਲ੍ਹ ਦਿੱਤਾ ਹੈ। ਇਸਦੀ ਸਮਰਥਾ 250 ਬਿਸਤਰਿਆਂ ਦੀ ਹੈ, ਜਿਸ ਨੂੰ ਵਧਾ ਕੇ 1000 ਕੀਤਾ ਜਾ ਰਿਹਾ ਹੈ। ਇਹ ਲਖਨਊ ਵਿੱਚ ਵੀ ਅਜਿਹੀ ਸਹੂਲਤ ਦੇਣ ਜਾ ਰਿਹਾ ਹੈ।

## ਭਾਰਤ ਸਭ ਤੋਂ ਤੇਜ਼ ਕੋਰੋਨਾ ਦੀਆਂ 13 ਕਰੋੜ ਖੁਰਾਕਾਂ ਦੇਣ ਵਾਲਾ ਦੇਸ਼ ਬਣਿਆ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਭ ਤੋਂ ਤੇਜ਼ੀ ਨਾਲ ਕੋਵਿਡ-19 ਟੀਕਿਆਂ ਦੀਆਂ 13 ਕਰੋੜ ਖੁਰਾਕਾਂ ਦੇਣ ਵਾਲਾ ਦੇਸ਼ ਬਣ ਗਿਆ ਹੈ ਅਤੇ ਸਿਹਤ ਮੰਤਰ-ਾਲੇ ਦੇ ਮੁਤਾਬਕ ਉਸ ਨੂੰ ਅਜਿਹਾ ਕਰਨ ਵਿੱਚ ਮਹਿਜ 95 ਦਿਨ ਦਾ ਸਮਾਂ ਲੱਗਿਆ ਹੈ, ਜਿਸ ਤੋਂ ਬਾਅਦ ਇਹ ਸਰਗਰਮੀ ਅਜੇ ਜਾਰੀ ਹੈ।

ਸਿਹਤ ਮੰਤਰਾਲੇ ਨੇ ਦੱਸਿਆ ਕਿ ਅਮਰੀਕਾ ਨੂੰ ਕੋਵਿਡ-19 ਵੈਕਸੀਨ ਦੀਆਂ 13 ਕਰੋੜ ਖੁਰਾਕਾਂ ਦੇਣ ਵਿੱਚ 101 ਦਿਨ ਦਾ ਸਮਾਂ ਲੱਗਾ ਸੀ, ਜਦਕਿ ਚੀਨ ਨੇ ਇਸਲਈ 109 ਦਿਨ ਲਾਏ ਸਨ। ਬੁੱਧਵਾਰ ਤੱਕ ਦੇ ਅੰਕੜਿਆਂ ਦੇ ਮੁਤਾਬਕਭਾਰਤ ਵਿੱਚ ਕੋਵਿਡ-19 ਟੀਕੇ ਦੀਆਂ ਕੁਲ 13,01,19,310 ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂਵਿੱਚੋਂ 29,90,197 ਖੁਰਾਕਾਂ ਬੀਤੇ 24 ਘੰਟੇ ਵਿੱਚ ਦਿੱਤੀਆਂ ਗਈਆਂ ਸਨ।ਦੇਸ਼ ਵਿੱਚ ਅੱਜ ਤੱਕ ਦਿੱਤੀਆਂ ਗਈਆਂ ਖੁਰਾਕਾਂ ਵਿੱਚੋਂ 59.25 ਫੀਸਦੀ ਖੁਰਾਕਾਂ ਅੱਠ ਰਾਜਾਂ: ਮਹਾਰਾਸ਼ਟਰ, ਰਾਜਸਥਾਨ, ਉਤਰ ਪ੍ਰਦੇਸ਼, ਗੁਜਰਾਤ, ਪੱਛਮੀ ਬੰਗਾਲ, ਕਰਨਾਟਕ, ਮੱਧ ਪ੍ਰਦੇਸ਼ ਤੇ ਕੇਰਲ ਵਿੱਚ ਦਿੱਤੀਆਂ ਗਈਆਂ ਹਨ। ਇਸ ਦੇਸ਼ਵਿਆਪੀ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ 16 ਜਨਵਰੀ ਨੂੰ ਹੋਈ ਸੀ, ਜਿਸ ਵਿੱਚ ਸਿਹਤ ਕਰਮੀਆਂ ਨੂੰ ਸਭ ਤੋਂ ਪਹਿਲਾਂ ਟੀਕਾ ਦਿੱਤਾ ਗਿਆ ਸੀ ਅਤੇ ਦੋ ਫਰਵਰੀ ਤੋਂ ਇਸ ਵਿੱਚ ਅਗਲੇ ਮੋਰਚੇ ਦੇ ਕਾਰਜਕਰਤਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਭਾਰਤ ਵਿੱਚ ਕੱਲ੍ਹ ਤੱਕ ਲਾਏ ਕੋਵਿਡ-19 ਦੇ ਕਰੀਬ 13 ਕਰੋੜ ਟੀਕਿਆਂ ਵਿਚੋਂ 90 ਫੀਸਦੀ ਟੀਕੇ ਆਕਸਫੋਰਡ/ਐਸਟ੍ਰਾਜੇਨੇਕਾ ਦੇ ਕੋਵਿਸ਼ੀਲਡ ਸਨ। ਇਨ੍ਹਾਂ ਵਿੱਚੋਂ, 15 ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੇ ਕੇਵਲ ਕੋਵਿਸ਼ੀਲਡ ਲਾਇਆ ਹੈ।

# ਭਾਰਤ ਵਿੱਚ ਅੰਤਮ ਸੰਸਕਾਰ ਵੀ ਕਾਰੋਬਾਰ ਬਣ ਗਿਆ

* ਕਈ ਕੰਪਨੀਆਂ ਕਈ ਆਫਰ ਦੇਣ ਲੱਗ ਪਈਆਂ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਕਾਰਨ ਦੇਸ਼ ਵਿੱਚ ਰੋਜ਼ ਵੱਡੀ ਗਿਣਤੀਵਿੱਚ ਲੋਕਾਂ ਦੀ ਜਾਨ ਜਾ ਰਹੀ ਹੈ ਤਾਂ ਕਿ ਮ੍ਰਿਤਕਾਂ ਦੇ ਅੰਤਮ ਸੰਸਕਾਰ ਦਾ ਕਾਰੋਬਾਰ ਸ਼ੁਰੂ ਹੋ ਗਿਆ ਹੈ। ਕਈ ਵੱਡੇ ਸ਼ਹਿਰਾਂ ਵਿੱਚ ਮ੍ਰਿਤਕਾਂ ਦੇ ਦਾਹ ਸੰਸਕਾਰ ਜਾਂ ਦਫਨਾਉਣ ਲਈ ਕੰਪਨੀਆਂ ਖੁਲ੍ਹ ਗਈਆਂ ਹਨ, ਜੋ ਕਾਰਪੋਰੇਟ ਸਟਾਈਲ ਵਿੱਚ ਕੰਮ ਕਰਦੀਆਂ ਹਨ ਅਤੇ ਗਾਹਕਾਂ ਨੂੰ ਕਈ ਤਰ੍ਹਾਂ ਦੇ ਪੈਕੇਜ ਅਤੇ ਆਫਰ ਪੇਸ਼ ਕਰ ਰਹੀਆਂ ਹਨ। ਅੰਤਮ ਸੰਸਕਾਰ ਅਤੇ ਇਸ ਦੇ ਸਾਰੇ ਇੰਤਜਾਮ ਦੇ ਲਈ 30 ਤੋਂ 40 ਹਜ਼ਾਰ ਰੁਪਏ ਤੱਕ ਦੇ ਪੈਕੇਜ ਉਪਲਬਧ ਹਨ।

ਇੱਕ ਰਿਪੋਰਟ ਮੁਤਾਬਕ ਇਨ੍ਹਾਂ ਵਿੱਚੋਂ ਇੱਕ ਕੰਪਨੀ ਸੱਤ ਭਾਰਤੀ ਸ਼ਹਿਰਾਂ ਵਿੱਚ ਸਰਵਿਸ ਦੇ ਰਹੀ ਹੈ। ਇਸ ਦੇ ਦਫਤਰ ਵਿੱਚ ਬਾਕਾਇਦਾ ਕਸਟਮਰ ਸਪੋਰਟ ਟੀਮ ਹੈ, ਜੋ ਗਾਹਕਾਂ ਦੀ ਹਰ ਸਹੂਲਤ ਦਾ ਖ਼ਿਆਲ ਰੱਖਦੀ ਹੈ ਜਿਸ ਨੂੰ ਫੀਲਡ ਵਿੱਚ ਘੁੰਮ ਰਹੇ ਮੈਨੇਜਰ ਆਰਡਰ ਹੈਂਡਲ ਕਰਦੇ ਹਨ।ਬੇਂਗਲੁਰੂ ਵਿੱਚੋਂਇਕ ਅਜਿਹੀ ਫਯੂਨਰਲ ਸਰਵਿਸ ਦਾ ਚੇਨਈ, ਦਿੱਲੀ, ਜੈਪੁਰ ਵਰਗੇ ਸ਼ਹਿਰਾਂ ਵਿੱਚ ਕਾਰੋਬਾਰ ਹੈ। ਹੈਦਰਾਬਾਦ ਦੇ ਇਸ ਦੇ ਸਿਟੀ ਮੈਨੇਜਰ ਸੰਪਤ ਬਾਂਗਾਰਾਮ ਨੇ ਕਿਹਾ ਕਿ ਅਸੀਂ ਸਾਰੀਆਂ ਰਸਮਾਂ ਪੂਰੀਆਂਕਰਦੇ ਹਾਂ, ਲਾਸ਼ ਉਠਾਉਣ, ਗੱਡੀ ਦਾ ਪ੍ਰਬੰਧ, ਸ਼ਮਸ਼ਾਨ ਵਿੱਚ ਸਲਾਟ ਦੀ ਬੁਕਿੰਗ,



ਪੰਡਤ ਦੀ ਵਿਵਸਥਾ ਤੋਂ ਅੰਤਮ ਸੰਸਕ-ਾਰ ਲਈ ਸਾਮਾਨ ਲਿਆਉਣ ਤੱਕ ਸਾਰੀ ਜ਼ਿੰਮੇਦਾਰੀ ਸਾਡੀ ਹੁੰਦੀ ਹੈ। ਹੈਦਰਾਬਾਦ ਵਿੱਚ ਪੈਕੇਜ ਦੀ ਦਰ 32 ਹਜ਼ਾਰ ਰੁਪਏ ਹਨ।ਕਿਸੇ ਈ-ਕਾਮਰਸ ਪਲੇਟਫਾਰਮ ਦੇ ਵਾਂਗ ਗਾਹਕ ਨੂੰ ਪਹਿਲਾਂ ਕੰਪਨੀ ਦੇ ਹਾਟਲਾਈਨ ਨੰਬਰ ਉੱਤੇ ਰਜਿਸਟ੍ਰੇਸ਼ਨ ਕਰਾਉਣਾ ਹੁੰਦਾ ਹੈ। ਲੋਕੇਸ਼ਨ ਦੇ ਆਧਾਰ ਉੱਤੇ ਸ਼ਹਿਰ ਦੇ ਕੋਆਡੀਰਨੇਟਰ ਉਨ੍ਹਾਂ ਨਾਲ ਸੰਪਰਕ ਕਰਦੇ ਹਨ। ਪੇਮੈਂਟ ਸਿੱਧੀ ਕੰਪਨੀ ਦੇ ਅਕਾਊਂਟ ਵਿੱਚ ਕੀਤੀ ਜਾਂਦੀ ਹੈ।

ਹੈਦਰਾਬਾਦ ਵਿੱਚ ਅੰਤਮ ਸੰਸਕ-ਾਰ ਵਿੱਚ ਲੱਗੀ ਇੱਕ ਹੋਰ ਕੰਪਨੀ ਫਯੂਨਰਲ ਸੇਵਾ ਸਰਵਿਸ ਦਾ ਕੰਮ ਵੀ ਇਸੇ ਤਰ੍ਹਾਂ ਦਾ ਹੈ। ਕੰਪਨੀ ਗੋਲਡ ਤੇ ਬੇਸਿਕ ਨਾਮ ਨਾਲ ਦੋ ਪੈਕੇਜ ਆਫਰ ਕਰਦੀ ਹੈ। ਇਸ ਦੇ ਐਗਜੀਕਯੂਟਿਵ ਨੇ ਕਿਹਾ ਕਿ ਅਸੀਂ ਕੋਵਿਡ ਮਰੀਜ਼ਾਂ ਲਈ 30 ਹਜ਼ਾਰ ਰੁਪਏ ਚਾਰਜ ਕਰਦੇ ਹਾਂ। ਇਹ ਜੋਖਿਮ ਦਾ ਕੰਮ ਹੈ ਅਤੇ ਸ਼ਮਸ਼ਾਨ ਵਿੱਚ ਸਲਾਟ ਲੱਭਣਾ ਇਨ੍ਹਾਂ ਦਿਨਾਂ ਵਿਚ ਔਖਾ ਹੈ। ਦੋਨਾਂ ਕੰਪਨੀਆਂ ਨੂੰ ਪ੍ਰਤੀਦਿਨ ਛੇ ਤੋਂ ਦਸ ਆਰਡਰ ਮਿਲ ਰਹੇ ਹਨ।

# ਸੁਸ਼ਾਂਤ ਰਾਜਪੂਤ ਬਾਰੇ ਫਿਲਮਾਂ ਬਣਾਉਣ ਵਾਲਿਆਂ ਨੂੰ ਹਾਈ ਕੋਰਟ ਦਾ ਨੋਟਿਸ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਮਰਹੂਮ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੇ ਪਿਤਾ ਕ੍ਰਿਸ਼ਨ ਕਿਸ਼ੋਰ ਸਿੰਘ ਵੱਲੋਂ ਉਸ ਦੇ ਪੁੱਤਰ ਦਾ ਨਾਮ ਵਰਤਣ ਜਾਂ ਉਸ ਬਾਰੇ ਫਿਲਮਾਂ ਬਣਾਉਣ ਤੋਂ ਰੋਕਣ ਬਾਰੇ ਦਾਖਲ ਕੀਤੀ ਗਈ ਪਟੀਸ਼ਨ ਦੇ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਸੁਸ਼ਾਂਤ ਬਾਰੇ ਤਜਵੀਜ਼ਸ਼ੁਦਾ ਤੇ ਆਉਣ ਵਾਲੀਆਂ ਫਿਲਮਾਂ ਦੇ ਪ੍ਰੋਡਿਊਸਰਾਂ ਕੋਲੋਂ ਜਵਾਬ ਮੰਗਿਆ ਹੈ। ਜਸਟਿਸ ਮਨੋਜ ਕੁਮਾਰ ਓਹਰੀ ਨੇ ਸਾਰੇ ਫਿਲਮਸਾਜ਼ਾਂ ਨੂੰ ਨੋਟਿਸ ਜਾਰੀ ਕਰਦਿਆਂ 24 ਮਈ ਤੱਕ ਆਪਣਾ ਪੱਖ ਰੱਖਣ ਦੀ ਹਦਾਇਤ ਕੀਤੀ ਹੈ।

ਇਸ ਪਟੀਸ਼ਨ ਵਿੱਚ ਸੁਸ਼ਾਂਤ ਦੇ ਜੀਵਨ ਬਾਰੇ ਆਉਣ ਵਾਲੀਆਂ ਅਤੇ ਤਜਵੀਜ਼ਸ਼ੁਦਾ ਫਿਲਮਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 'ਨਿਆਏ-ਦਿ ਜਸਟਿਸ', 'ਸੁਸਾਈਡ ਔਰ ਮਰਡਰ-ਏ ਸਟਾਰ ਵਾਜ਼



ਲੌਸਟ', 'ਸ਼ਸ਼ਾਂਕ' ਅਤੇ ਕੁਝ ਹੋਰ ਫਿਲਮਾਂ ਸ਼ਾਮਲ ਹਨ। ਇਹ ਪਟੀਸ਼ਨ ਵਕੀਲ ਅਕਸ਼ੈ ਦੇਵ, ਵਰੁਣ ਸਿੰਘ, ਅਭਿਜੀਤ ਪਾਂਡੇ ਅਤੇ ਸਮਰੁੱਧੀ ਬੇਂਦਭਰ ਰਾਹੀਂ ਦਾਖਲ ਕੀਤੀ ਗਈ ਹੈ। ਫਿਲਮ 'ਨਿਆਏ' ਅਗਾਮੀ ਜੂਨ ਮਹੀਨੇ ਰਿਲੀਜ਼ ਹੋਣੀ ਹੈ, ਜਦੋਂ ਕਿ ਫਿਲਮ 'ਸੁਸਾਈਡ ਔਰ ਮਰਡਰ-ਏ ਸਟਾਰ ਵਾਜ਼ ਲੌਸਟ' ਅਤੇ 'ਸ਼ਸ਼ਾਂਕ' ਦੀ ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ। ਪਟੀਸ਼ਨ ਅਨੁਸਾਰ ਫਿਲਮਸਾਜ਼ ਇਸ ਸਥਿਤੀ ਦਾ ਲਾਭ ਉਠਾਕੇ ਗੁੱਝੇ ਢੰਗ ਨਾਲ ਪੈਸਾ ਕਮਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੁਦੱਈ ਨੇ ਸ਼ੱਕ ਪ੍ਰਗਟਾਇਆ ਕਿ ਇਸੇ ਮਕਸਦ ਨਾਲ ਬਹੁਤ ਸਾਰੇ ਨਾਟਕ, ਫਿਲਮਾਂ, ਵੈਬ ਸੀਰੀਜ਼, ਪੁਸਤਕਾਂ, ਇੰਟਰਵਿਊ ਅਤੇ ਹੋਰ ਸਮੱਗਰੀ ਪ੍ਰਕਾਸ਼ਿਤ ਕੀਤੀ ਗਈ ਹੈ, ਜੋ ਉਸ ਅਤੇ ਉਸ ਦੇ ਪਰਵਾਰ ਦੀ ਸਾਖ ਨੂੰ ਢਾਹ ਲਾਵੇਗੀ। ਸੁਸ਼ਾਂਤ ਸਿੰਘ ਦੇ ਪਰਵਾਰ ਨੇ ਅਦਾਲਤ ਵਿੱਚ ਸਾਖ ਨੂੰ ਢਾਹ ਲਾਉਣ, ਮਾਨਸਿਕ ਪੀੜਾ ਅਤੇ ਪ੍ਰੇਸ਼ਾਨ ਕਰਨ ਸਬੰਧੀ ਫਿਲਮਸਾਜ਼ਾਂ ਉਤੇ ਦੋ ਕਰੋੜ ਰੁਪਏ ਦਾ ਦਾਅਵਾ ਕੀਤਾ ਹੈ। ਸੁਸ਼ਾਂਤ ਦੇ ਪਿਤਾ ਨੇ ਕੋਰਟ ਤੋਂ ਮੰਗ ਕੀਤੀ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੇ ਪੁੱਤਰ ਦਾ ਨਾਮ/ਕਾਰਟੂਨ/ਜੀਵਨ-ਸ਼ੈਲੀ ਜਾਂ ਉਸ ਬਾਰੇ ਕੋਈ ਫਿਲਮ ਜਾਂ ਪ੍ਰੋਜੈਕਟ ਬਣਾਉਣ ਤੋਂ ਰੋਕਿਆ ਜਾਵੇ।

# ਹਾਈ ਕੋਰਟ ਨੇ ਕਿਹਾ: ਰੈਲੀਆਂ ਬਹੁਤ ਹੋ ਚੁੱਕੀਆਂ, ਬੰਗਾਲ ਦੀ ਜਨਤਾ ਨੂੰ ਵਿਚਾਰ ਕਰਨ ਦਿਓ

ਕੋਲਕਾਤਾ, 22 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਕੋਰੋਨਾ ਦੇ ਵਧਦੇ ਕੇਸਾਂ ਵਿਚਾਲੇ ਹੋ ਰਹੀਆਂ ਚੋਣ ਰੈਲੀਆਂ ਉੱਤੇ ਟਿੱਪਣੀ ਕਰਦੇ ਹੋਏ ਕਲਕੱਤਾ ਹਾਈ ਕੋਰਟ ਨੇ ਕਿਹਾ ਕਿ ਇਹ ਸਭ ਬਹੁਤ ਹੋ ਚੁੱਕਾ, ਅੱਗੋਂ ਜਨਤਾ ਨੂੰ ਵਿਚਾਰ ਕਰਨ ਦਿਓ ਕਿ ਉਹ ਆਪਣਾ ਵੋਟ ਕਿਸ ਨੂੰ ਦੇਵੇਗੀ। ਹਾਈ ਕੋਰਟ ਵਿੱਚ ਚੋਣ ਸਭਾਵਾਂ ਅਤੇ ਰੈਲੀਆਂ ਉੱਤੇ ਪਾਬੰਦੀ ਲਾਉਣ ਦੀ ਮੰਗਬਾਰੇ ਇੱਕ ਜਨਹਿਤ ਪਟੀਸ਼ਨਦੀ ਸੁਣਵਾਈ ਕਰਦੇ ਹੋਏ ਚੀਫ ਜਸਟਿਸ ਟੀ ਬੀ ਐਨ ਰਾਧਾਕ੍ਰਿਸ਼ਨਨ ਅਤੇ ਜਸਟਿਸ ਅਰਿਜੀਤ ਬੈਨਰਜੀ ਦੀ ਬੈਂਚ ਨੇ ਕਿਹਾ ਕਿ ਕੋਰੋਨਾ ਪ੍ਰੋਟੋਕਾਲ ਹੇਠ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਹੈ। ਵੋਟਿੰਗ ਮੌਕੇ ਕੋਰੋਨਾ ਪ੍ਰੋਟੋਕੋਲ ਦਾ ਪਾਲਣ ਹੋਵੇ, ਇਹ ਕਮਿਸ਼ਨ ਨੂੰ ਯਕੀਨੀ ਕਰਨਾ ਹੋਵੇਗਾ ਅਤੇ ਇਸ ਦੇ ਲਈ ਸਰਕਾਰ ਨੂੰ ਮਦਦ ਕਰਨੀ ਹੋਵੇਗੀ। ਰਾਜ ਸਰਕਾਰ ਦੇ ਵਕੀਲ ਨੇ ਦੱਸਿਆ ਕਿ ਚੋਣ ਜ਼ਾਬਤਾ ਲਾਗੂ ਹੋ ਚੁੱਕਾ ਹੈ, ਇਸ ਲਈ ਕੋਰੋਨਾ ਪ੍ਰੋਟੋਕੋਲ ਦਾ ਪਾਲਣ ਕਰਾਉਣਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ, ਕਿਉਂਕਿ ਰਾਜ ਸਰਕਾਰ ਇਸ ਵਕਤ ਕੋਈ ਨੀਤੀਗਤ ਫੈਸਲਾ ਨਹੀਂ ਲੈ ਸਕਦੀ। ਇਸ ਉੱਤੇ ਚੀਫ ਜਸਟਿਸ ਨੇ ਰਾਜ ਸਰਕਾਰ ਤੋਂ ਪੁੱਛਿਆ ਕਿ ਚੋਣ ਕਮਿਸ਼ਨ ਨੂੰ ਪੂਰੀ ਜ਼ਿੰਮੇਵਾਰੀ ਆਖਰ ਕਿਉਂ ਲੈਣੀ ਹੋਵੇਗੀ, ਇਸ ਦੀ ਜਾਣਕਾਰੀ ਅਗਲੇ ਵੀਰਵਾਰ ਸੁਣਵਾਈ ਦੇ ਦੌਰਾਨ ਦੇਣੀ ਹੋਵੇਗੀ।





## ਚਾਡ ਵਿੱਚ ਰਾਸ਼ਟਰਪਤੀ ਮਾਰੇ ਜਾਣ 'ਤੇ ਬਾਗੀਆਂ ਦੀ ਅੱਖ ਰਾਜਧਾਨੀ ਉਤੇ



ਅਨ ਜਮੇਨਾ, 22 ਅਪ੍ਰੈਲ (ਪੋਸਟ ਬਿਊਰੋ)- ਚਾਡ ਵਿੱਚ ਤਿੰਨ ਦਹਾਕਿਆਂ ਤੋਂ ਸੱਤਾ ਸੰਭਾਲੀ ਬੈਠੇ ਰਾਸ਼ਟਰਪਤੀ ਇਦਰਿਸ ਡੇਬੀ ਦੇ ਮਾਰੇ ਜਾਣ ਨਾਲ ਬਾਗੀਆਂ ਦੀ ਹਿੰਮਤ ਵਧ ਗਈ ਹੈ ਤੇ ਉਹ ਚਾਡ ਦੀ ਰਾਜਧਾਨੀ ਅਨ ਜਮੇਨਾ ਉਤੇ ਨਜ਼ਰ ਰੱਖੀ ਬੈਠੇ ਹਨ। ਇਦਰਿਸ ਲੰਬੇ ਸਮੇਂ ਤੋਂ ਪੱਛਮੀ ਦੇਸ਼ਾਂ ਨਾਲ ਮਿਲ ਕੇ ਅਫਰੀਕਾ ਦੇ ਇਸਲਾਮਿਕ ਅੱਤਵਾਦੀਆਂ ਨਾਲ ਲੜ ਰਹੇ ਸਨ। ਉਨ੍ਹਾਂ ਦੇ ਮਾਰੇ ਜਾਣ ਨਾਲ ਚਾਡ ਨੂੰ ਹੋਰ ਨੁਕਸਾਨ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਪੱਛਮੀ ਦੇਸ਼ਾਂ ਨੂੰ ਅੱਤਵਾਦੀਆਂ ਨਾਲ ਲੜਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਬਾਗੀਆਂ ਦੇ ਗਰੁੱਪ ਫਰੰਟ ਫਾਰ ਚੇਂਜ ਐਂਡ ਕਾਨਕਾਰਡ ਇਨ ਚਾਡ (ਐਫ ਏ ਸੀ ਟੀ) ਨੇ ਕਿਹਾ ਹੈ ਕਿ ਉਹ ਇਦਰਿਸ ਡੇਬੀ ਦੀ ਲੰਬੇ ਸਮੇਂ ਤੋਂ ਚੱਲ ਰਹੀ ਸੱਤਾ ਨੂੰ ਖਤਮ ਕਰ ਕੇ ਲੋਕਤੰਤਰ ਲਿਆਉਣਾ ਚਾਹੁੰਦੇ ਹਨ। ਇਹ ਬਾਗੀ ਕਨੇਮ ਖੇਤਰ ਵਿੱਚ ਆ ਗਏ ਹਨ, ਜਿਹੜਾ ਰਾਜਧਾਨੀ ਤੋਂ 200 ਕਿਲੋਮੀਟਰ ਦੂਰ ਹੈ। ਕੱਲ੍ਹ ਅਨ ਜਮੇਨਾ ਵਿੱਚ ਕੁਝ ਹੀ ਬਾਜ਼ਾਰ ਖੁੱਲ੍ਹੇ ਅਤੇ ਸੜਕਾਂ ਵੀਰਾਨ ਸਨ। ਪ੍ਰਸ਼ਾਸਨ ਨੇ ਰਾਤ ਦਾ ਕਰਫਿਊ ਲਾ ਦਿੱਤਾ। ਬਾਰਡਰ ਵੀ ਬੰਦ ਕਰ ਦਿੱਤੇ ਹਨ। ਇੱਥੇ 14 ਦਿਨਾਂ ਦਾ ਰਾਸ਼ਟਰੀ ਸ਼ੋਕ ਐਲਾਨਿਆ ਗਿਆ ਹੈ। ਐਫ ਏ ਸੀ ਟੀ ਨੇ ਰਾਸ਼ਟਰਪਤੀ ਨੂੰ ਜ਼ਖਮੀ ਕਰਨ ਦੀ ਜ਼ਿੰਮੇਵਾਰੀ ਲਈ ਸੀ, ਜਿਸ ਕਾਰਨ ਡੇਬੀ ਦੀ ਮੌਤ ਹੋਈ ਹੈ।ਡੇਬੀ ਪੱਛਮੀ ਦੇਸ਼ਾਂ ਦੀ ਪਸੰਦ ਇਸ ਲਈ ਬਣੇ ਹੋਏ ਸਨ ਕਿ ਅਫਰੀਕੀ ਖੇਤਰ ਵਿੱਚ ਇਸਲਾਮਿਕ ਅੱਤਵਾਦੀਆਂ; ਜਿਵੇਂ ਅਲ ਕਾਇਦਾ ਅਤੇ ਬੋਕੋਹਰਮ ਨਾਲ ਲੜਨ ਲਈ ਆਪਣੀ ਮਜ਼ਬੂਤ ਫੌਜ ਦੇ ਬਲ ਉੱਤੇ ਮੁਕਾਬਲਾ ਕਰਦੇ ਸਨ।ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਡੇਬੀ ਨੂੰ ਬਹਾਦਰ ਦੋਸਤ ਦੱਸਿਆ ਹੈ। ਫਰਾਂਸ ਦੀ ਸਰਕਾਰ ਦੇ ਬਹੁਲਾਰੇ ਗੈਬਰੀਅਲ ਏਟਲ ਨੇ ਕਿਹਾ ਕਿ ਰਾਸ਼ਟਰਪਤੀ ਮੈਕਰੋਂ ਉਨ੍ਹਾਂ ਦੀਆਂ ਸ਼ੁੱਕਰਵਾਰ ਨੂੰ ਅੰਤਿਮ ਰਸਮਾਂ ਵਿੱਚ ਹਿੱਸਾ ਲੈਣ ਲਈ ਜਾਣਗੇ।

## ਜੌਰਜ ਫਲੌਇਡ ਕਤਲ ਕਾਂਡ ਵਿੱਚ ਅਮਰੀਕੀ ਪੁਲਸ ਅਧਿਕਾਰੀ ਚੌਵਿਨ ਦੋਸ਼ੀ ਕਰਾਰ



ਵਾਸ਼ਿੰਗਟਨ, 22 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਸਾਲ ਅਫਰੀਕੀ ਮੂਲ ਦੇ ਇੱਕ ਅਮਰੀਕੀ ਜੌਰਜ ਫਲੌਇਡ ਦੀ ਹਿਰਾਸਤੀ ਮੌਤ ਦੇ ਕੇਸ ਵਿੱਚ ਅਮਰੀਕਾ ਦੀ ਇੱਕ ਗਰੈਂਡ ਜਿਊਰੀ ਨੇ ਮਿਨੇਪੋਲਿਸ ਪੁਲਸ ਦੇ ਅਧਿਕਾਰੀ ਡੈਰੇਕ ਚੌਵਿਨ ਨੂੰ ਸਾਰੇ ਤਿੰਨ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਵਰਨਣ ਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਨਸਲਵਾਦ ਅਤੇ ਪੁਲਸ ਦੀ ਕਰੂਰਤਾ ਖਿਲਾਫ ਦੁਨੀਆ ਭਰ ਵਿੱਚ ਪ੍ਰਦਰਸ਼ਨ ਹੋਏ ਸਨ।

12 ਜੱਜਾਂ ਦੀ ਇਸ ਜਿਊਰੀ ਨੇ ਚੌਵਿਨ (45) ਨੂੰ ਦੂਜੀ ਡਿਗਰੀ ਗੈਰ ਇਰਾਦਤਨ ਹੱਤਿਆ, ਤੀਜੀ ਡਿਗਰੀ ਹੱਤਿਆ ਅਤੇ ਦੂਜੀ ਡਿਗਰੀ ਹੱਤਿਆ ਦਾ ਦੋਸ਼ੀ ਪਾਇਆ ਹੈ। ਗੈਰ-ਗੋਰੇ ਫਲੌਇਡ (46) ਦੀ ਮੌਤ ਪਿਛਲੇ ਸਾਲ ਮਈ ਵਿੱਚ ਪੁਲਸ ਹਿਰਾਸਤ ਵਿੱਚ ਹੋਈ ਸੀ, ਜਦੋਂ ਪੁਲਸ ਨੇ ਉਸ ਨਾਲ ਵਹਿਸ਼ੀਪੁਣਾ ਕੀਤੀ ਸੀ। ਮਿਨੇ-ਪੋਲਿਸ ਵਿੱਚ ਇੱਕ ਸਟੋਰ ਦੇ ਕਰਮਚਾਰੀ ਨੇ ਫਲੌਇਡ ਉਤੇ ਨਕਲੀ ਨੋਟ ਦੇਣ ਦਾ ਦੋਸ਼ ਲਾਇਆ ਸੀ, ਜਿਸ ਕਾਰਨ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਦੌਰਾਨ ਚੌਵਿਨ ਨੇ ਫਲੌਇਡ ਦੀ ਧੌਣ ਉਤੇ ਗੋਡਾ ਰੱਖ ਕੇ ਨੌਂ ਮਿੰਟ ਤੋਂ ਵੱਧ ਸਮੇਂ ਤੱਕ ਦਬਾਈ ਰੱਖਿਆ ਸੀ, ਜਦ ਕਿ ਫਲੌਇਡ ਵਾਰ-ਵਾਰ ਕਹਿੰਦਾ ਰਿਹਾ, ''ਮੈਨੂੰ ਸਾਹ ਲੈਣ ਵਿੱਚ ਤਕਲੀਫ ਹੋ ਰਹੀ ਹੈ, ਮੈਨੂੰ ਸਾਹ ਲੈਣ ਵਿੱਚ ਤਕਲੀਫ ਹੋ ਰਹੀ ਹੈ।'' ਇਸ ਜ਼ੁਲਮ ਕਾਰਨ ਫਲੌਇਡ ਦੀ ਮੌਤ ਹੋ ਗਈ ਸੀ।

ਅਮਰੀਕੀ ਮੀਡੀਆ ਦੀਆਂ ਖਬਰਾਂ ਅਨੁਸਾਰ ਚੌਵਿਨ ਨੂੰ ਉਸ ਖਿਲਾਫ ਲੱਗੇ ਤਿੰਨੋਂ ਦੋਸ਼ਾਂ ਤਹਿਤ ਦੋਸ਼ੀ ਪਾਇਆ ਗਿਆ ਹੈ। ਉਸ ਨੂੰ ਚਾਲੀ ਸਾਲ ਕੈਦ ਹੋ ਸਕਦੀ ਹੈ। ਚੌਵਿਨ ਆਪਣੇ-ਆਪ ਨੂੰ ਨਿਰਦੋਸ਼ ਦੱਸਦਾ ਰਿਹਾ। ਇਸ ਦੌਰਾਨ ਉਸ ਦਾ ਚਿਹਰਾ ਨਕਾਬ ਨਾਲ ਢੱਕਿਆ ਹੋਇਆ ਸੀ ਤੇ ਸਿਰਫ ਉਸ ਦੀਆਂ ਅੱਖਾਂ ਦੀ ਦਿੱਸ ਰਹੀਆਂ ਸਨ। ਜਿਸ ਵੇਲੇ ਜਿਊਰੀ ਵੱਲੋਂ ਫੈਸਲਾ ਸੁਣਾਇਆ ਗਿਆ, ਚੌਵਿਨ ਜੱਜਾਂ ਵੱਲ ਦੇਖ ਰਿਹਾ ਸੀ। ਇੱਕ ਡਿਪਟੀ ਨੇ ਚੌਵਿਨ ਨੂੰ ਹੱਥਕੜੀ ਲਾਈ ਤੇ ਨਾਲ ਲੱਗਦੇ ਕਮਰੇ ਵਿੱਚ ਲੈ ਗਿਆ। ਇਸ ਪਿੱਛੋਂ ਉਸ ਨੂੰ ਮਿਨੇਸੋਟਾ ਜੇਲ੍ਹ ਭੇਜ ਦਿੱਤਾ ਗਿਆ।ਜੱਜ ਪੀਟਰ ਕੈਹਿਲ ਨੇ ਕਿਹਾ ਕਿ ਸਜ਼ਾ ਅੱਠ ਹਫਤਿਆਂ ਤੱਕ ਸੁਣਾਈ ਜਾ ਸਕਦੀ ਹੈ।

ਇਸ ਫੈਸਲੇ ਤੋਂ ਬਾਅਦ ਅਦਾਲਤ ਦੇ ਬਾਹਰ ਅਤੇ ਫਲੌਇਡ ਦੇ ਜੱਦੀ ਸ਼ਹਿਰ ਵਿੱਚ ਜਸ਼ਨ ਦਾ ਮਾਹੌਲ ਸੀ। ਸੈਂਕੜੇ ਲੋਕਾਂ ਨੇ ਮਿਲ ਕੇ ਖੁਸ਼ੀ ਪ੍ਰਗਟ ਕੀਤੀ। ਫਲੌਇਡ ਪਰਵਾਰ ਅਤੇ ਉਨ੍ਹਾਂ ਦੇ ਵਕੀਲ ਬੈਨ ਕਰੰਪ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਇਸ ਫੈਸਲੇ ਦਾ ਪ੍ਰਭਾਵ ਨਾ ਸਿਰਫ ਦੇਸ਼, ਬਲਕਿ ਪੂਰੀ ਦੁਨੀਆ ਵਿੱਚ ਪਵੇਗਾ। ਉਨ੍ਹਾਂ ਕਿਹਾ, ''ਕਾਲੇ ਅਮਰੀਕੀਆਂ ਲਈ ਮਿਲਿਆ ਨਿਆਂ ਸਾਰੇ ਅਮਰੀਕਾ ਨਾਲ ਨਿਆਂ ਹੈ। ਇਹ ਫੈਸਲਾ ਅਮਰੀਕਾ ਦੇ ਇਤਿਹਾਸ ਵਿੱਚ ਨਵਾਂ ਮੋੜ ਸਾਬਤ ਹੋਵੇਗਾ।'' ਇਸੇ ਦੌਰਾਨ ਫਲੌਇਡ ਦੀ ਮੌਤ ਵਿੱਚ ਭੂਮਿਕਾ ਅਦਾ ਕਰਨ ਵਾਲੇ ਤਿੰਨ ਹੋਰ ਅਧਿਕਾਰੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਉਣ ਦੀ ਮੰਗ ਕੀਤੀ ਗਈ।

ਪੁਲਸ ਅਧਿਕਾਰੀ ਨੂੰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਰਾਸ਼ਟਰਪਤੀ ਨੇ ਕਿਹਾ ਕਿ ਫਲੌਇਡ ਦੀ ਮੌਤ ਚਿੱਟੇ ਦਿਨ ਵਿੱਚ ਹੋਇਆ ਕਤਲ ਸੀ। ਉਨ੍ਹਾਂ ਕਿਹਾ,''ਅਸੀਂ ਇੱਥੇ ਹੀ ਨਹੀਂ ਰੁਕ ਸਕਦੇ। ਅਸਲ ਬਦਲਾਅ ਲਿਆਉਣ ਲਈ ਸਾਨੂੰ ਹੁਣੇ ਹੋਰ ਬਹੁਤ ਕੁਝ ਕਰਨਾ ਹੋਵੇਗਾ।'' ਬਾਇਡੇਨ ਨੇ ਚੌਵਿਨ ਮਾਮਲੇ ਵਿੱਚ ਫੈਸਲੇ ਨੂੰ ਦੁਰਲਭ, ਪਰ ਅਮਰੀਕਾ ਵਿੱਚ ਨਿਆਂ ਵੱਲ ਇੱਕ ਵੱਡਾ ਕਦਮ ਕਰਾਰ ਦਿੱਤਾ।

## ਤੁਰਕੀ ਦਾ ਐਲਾਨ, ਅਮਰੀਕਾ ਸਮੱਰਥਕ ਅਫਗਾਨ ਸ਼ਾਂਤੀ ਵਾਰਤਾ ਦੀ ਮੀਟਿੰਗ ਮੁਲਤਵੀ

ਕਾਬੁਲ, 22 ਅਪ੍ਰੈਲ (ਪੋਸਟ ਬਿਊਰੋ)- ਤੁਰਕੀ ਦੇ ਇਸਤਾਂਬੁਲ ਸ਼ਹਿਰ ਵਿੱਚ ਅਫਗਾਨਿਸਤਾਨ ਮਸਲੇ ਉੱਤੇ ਹੋਣ ਵਾਲੀ ਅਹਿਮ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਤੁਰਕੀ ਨੇ ਕੱਲ੍ਹ ਇਹ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਇਹ ਮੀਟਿੰਗ ਕੱਲ੍ਹ 24 ਅਪ੍ਰੈਲ ਤੋਂ ਸ਼ੁਰੂ ਹੋਣੀ ਸੀ, ਪਰ ਰਮਜਾਨ ਦੇ ਪਵਿੱਤਰ ਮਹੀਨੇ ਦੇ ਖਤਮ ਹੋਣ ਤੱਕ ਟਾਲ ਦਿੱਤੀ ਗਈ। ਅਮਰੀਕਾ ਸਮਰਥਕ ਅਫਗਾਨ ਸ਼ਾਂਤੀ ਮੀਟਿੰਗ ਵਿੱਚ ਤਾਲਿਬਾਨ ਨਾਲ ਸਮਝੌਤੇ ਉੱਤੇ ਆਖਰੀ ਮੁਹਰ ਲੱਗਣੀ ਸੀ। ਤੁਰਕੀ ਦੇ ਵਿਦੇਸ਼ ਮੰਤਰੀ ਮੇਲੁਤ ਕਾਵੁਸੋਗਲੁ ਨੇ ਦੱਸਿਆ ਕਿ ਕਤਰ, ਅਮਰੀਕਾ ਤੇ ਯੂ ਐੱਨ ਓ ਨਾਲ ਗੱਲ ਕਰ ਕੇ ਇਸ ਗੱਲਬਾਤ ਨੂੰ ਹਾਲੇ ਮੁਲਤਵੀ ਕਰਨ ਦਾ ਫੈਸਲਾ ਲਿਆ ਹੈ। ਤੁਰਕੀ ਨੇ ਪਹਿਲਾਂ ਦੱਸਿਆ ਸੀ ਕਿ ਯੂ ਐੱਨ ਓ ਅਤੇ ਕਤਰ ਨਾਲ ਮਿਲਕੇ ਕੀਤੀ ਜਾਣ ਵਾਲੀ ਇਹ ਵਾਰਤਾ 24 ਅਪ੍ਰੈਲ ਤੋਂ 4 ਮਈ ਤੱਕ ਚੱਲੇਗੀ। ਤਾਲਿਬਾਨ ਨੇ ਪਹਿਲਾਂ ਸੰਕੇਤ ਦੇ ਦਿੱਤਾ ਸੀ ਕਿ ਉਹ ਮੀਟਿੰਗ ਵਿੱਚ ਸ਼ਾਮਲ ਹੋਣ ਨੂੰ ਤਿਆਰ ਨਹੀਂ।

ਦੂਸਰੇ ਪਾਸੇ ਤਾਲਿਬਾਨ ਨੇ ਅਮਰੀਕਾ ਉੱਤੇ ਪਿਛਲੇ ਸਾਲ ਹੋਏ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਗਾਇਆ ਹੈ। ਸਮਝੌਤੇ ਵਿੱਚ ਇਸ ਸਾਲ ਇੱਕ ਮਈ ਤੱਕ ਅਫਗਾਨਿਸਤਾਨ ਤੋਂ ਸਾਰੇ ਅਮਰੀਕੀ ਫੌਜੀਆਂ ਦੀ ਵਾਪਸੀ ਦੀ ਗੱਲ ਸੀ।

## ਯੂ ਕੇ ਬਾਰਡਰ ਸਟਾਫ ਵੱਲੋਂ ਰੋਜ਼ ਫੜੇ ਜਾ ਰਹੇ ਹਨ 100 ਜਾਅਲੀ ਕੋਵਿਡ ਸਰਟੀਫਿਕੇਟ




ਗਲਾਸਗੋ, 22 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਨਿਯਮਾਂ ਅਨੁਸਾਰ ਯੂ ਕੇ ਵਿੱਚ ਆਉਣ ਵਾਲੇ ਯਾਤਰੀਆਂ ਨੂੰ ਕੋਰੋਨਾ ਵਾਇਰਸ ਦੇ ਨੈਗੇਟਿਵ ਟੈਸਟ ਸਰਟੀਫਿਕੇਟ ਪੇਸ਼ ਕਰਨਾ ਜ਼ਰੂਰੀ ਹੈ। ਇਸ ਬਾਰੇ ਅਧਿਕਾਰੀਆਂ ਅਨੁਸਾਰ ਇੱਕ ਦਿਨ ਵਿੱਚ 100 ਤੋਂ ਵੱਧ ਲੋਕ ਜਾਅਲੀ ਕੋਵਿਡ-19 ਟੈਸਟ ਸਰਟੀਫਿਕੇਟ ਦੀ ਵਰਤੋਂ ਕਰ ਕੇ ਇਸ ਦੇਸ਼ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ।

ਇਮੀਗ੍ਰੇਸ਼ਨ ਸਰਵਿਸਿਜ਼ ਯੂਨੀਅਨ (ਆਈ ਐਸ ਯੂ) ਦੇ ਅਧਿਕਾਰੀ ਲੂਸੀ ਮੋਟਰਨ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਇਸ ਸਥਿਤੀ ਵਿੱਚ ਹਵਾਈ ਅੱਡਿਆਂ ਉੱਤੇ ਲੱਗੀਆਂ ਲੰਬੀਆਂ ਕਤਾਰਾਂ ਵੀ ਵਾਇਰਸ ਦੇ ਫੈਲਣ ਦਾ ਕਾਰਨ ਬਣ ਸਕਦੀਆਂ ਹਨ। ਬ੍ਰਿਟੇਨ ਦੇ ਨਿਯਮਾਂ ਤਹਿਤ ਸਰਹੱਦ ਉੱਤੇ ਪਹੁੰਚ ਰਹੇ ਹਰ ਵਿਅਕਤੀ ਨੂੰ ਨੈਗੇਟਿਵ ਟੈਸਟ ਦਾ ਸਬੂਤ ਦੇਣਾ ਪੈਂਦਾ ਹੈ। ਇਹ ਨਿਯਮ ਬ੍ਰਿਟੇਨ ਦੇ ਨਾਗਰਿਕਾਂ ਅਤੇ ਉਨ੍ਹਾਂ ਲਈ ਵੀ ਬਰਾਬਰ ਲਾਗੂ ਹੁੰਦਾ ਹੈ, ਜਿਨ੍ਹਾਂ ਨੂੰ ਕੋਰੋਨਾ ਟੀਕਾ ਲਾਇਆ ਗਿਆ ਹੈ। ਇਸ ਸਮੇਂ ਬਾਰਡਰ ਸਟਾਫ ਰੋਜ਼ ਤਕਰੀਬਨ 100 ਨਕਲੀ ਕੋਰੋਨਾ ਸਰਟੀਫਿਕੇਟ ਫੜ ਰਿਹਾ ਹੈ। ਅੰਤਰਰਾਸ਼ਟਰੀ ਪੁਲਸ ਸੰਗਠਨ ਯੂਰੋਪੋਲ ਨੇ ਵੀ ਜਾਅਲੀ ਕੋਵਿਡ ਸਰਟੀਫਿਕੇਟ ਦੀ ਵਿਕਰੀ ਬਾਰੇ ਖਦਸ਼ਾ ਜਤਾਇਆ ਹੈ, ਜੋ 100 ਪੌਂਡ ਤੱਕ ਤਿਆਰ ਕੀਤੇ ਜਾ ਰਹੇ ਹਨ। ਆਮ ਲੋਕਾਂ ਵੱਲੋਂ ਇਸ ਤਰ੍ਹਾਂ ਦੀ ਧਾਂਦਲੀ ਤੇ ਕਾਨੂੰਨ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੀ ਕਾਰਵਾਈ ਵਿੱਚ ਸ਼ਾਮਲ ਹੋਣਾ ਹੋਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨਾ ਹੈ। ਅਧਿਕਾਰੀਆਂ ਵੱਲੋਂ ਇਸ ਬਾਰੇ ਹੋਰ ਵਧੇਰੇ ਚੌਕੰਨੇ ਹੋ ਕੇ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਸਲਾਹ



ਵਾਸ਼ਿੰਗਟਨ, 22 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਵਿਗੜਦੀ ਸਥਿਤੀ ਕਾਰਨ ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਭਾਰਤ ਨਾ ਜਾਣ।

ਇਸ ਬਾਰੇ ਅਮਰੀਕੀ ਅਥਾਰਟੀ ਸੀ ਡੀ ਸੀ ਨੇ ਕਿਹਾ ਹੈ ਕਿ ਭਾਰਤ ਵਿੱਚ ਕੋਰੋਨਾ ਬੜੇ ਉਚੇ ਪੱਧਰ ਉਤੇ ਫੈਲ ਰਿਹਾ ਹੈ। ਬਿਮਾਰੀਆਂ ਉਤੇ ਕਾਬੂ ਪਾਉਣ ਅਤੇ ਇਲਾਜ ਬਾਰੇ ਇਸ ਅਮਰੀਕੀ ਕੇਂਦਰ ਨੇ ਕੋਵਿਡ-19 ਦੇ ਮਾਮਲੇ ਵਿੱਚ ਭਾਰਤ ਨੂੰ ਚੌਥੇ ਪੱਧਰ ਉਤੇ ਰੱਖਿਆ ਹੈ, ਜੋ ਸਭ ਤੋਂ ਉਚਾ ਪੱਧਰ ਹੈ। ਅਮਰੀਕੀ ਵਿਭਾਗ ਨੇ ਕਿਹਾ ਕਿ ਕੋਵਿਡ-19 ਦਾ ਜੋਖਮ ਬਹੁਤ ਹੈ, ਇਸ ਲਈ ਭਾਰਤ ਯਾਤਰਾ ਨਾ ਕੀਤੀ ਜਾਵੇ ਅਤੇ ਜਿਨ੍ਹਾਂ ਨਾਗਰਿਕਾਂ ਨੇ ਵੈਕਸੀਨ ਲਵਾ ਲਈ ਹੈ, ਉਹ ਵੀ ਹਾਲੇ ਭਾਰਤ ਨਾ ਜਾਣ। ਉਨ੍ਹਾਂ ਕਿਹਾ ਕਿ ਜੇ ਜਾਣਾ ਬਹੁਤ ਜ਼ਰੂਰੀ ਹੈ ਤਾਂ ਵੈਕਸੀਨ ਲਵਾ ਕੇ ਜਾਣ। ਇਸ ਤੋਂ ਬਿਨਾ ਕੋਰੋਨਾ ਨਾਲ ਜੁੜੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਵਿਦੇਸ਼ ਵਿਭਾਗ ਨੇ ਵੀ ਐਲਾਨ ਕੀਤਾ ਹੈ ਕਿ ਯਾਤਰਾ ਬਾਰੇ ਸਾਰੀ ਜਾਣਕਾਰੀ ਲਗਾਤਾਰ ਦਿੱਤੀ ਜਾਵੇਗੀ। ਇਸ ਲਈ ਸੀ ਡੀ ਸੀ ਨਾਲ ਤਾਲਮੇਲ ਬਣਾਇਆ ਗਿਆ ਹੈ। ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਫਿਲਹਾਲ ਦੁਨੀਆ ਦੇ ਅੱਸੀ ਫੀਸਦੀ ਹਿੱਸੇ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਇਸ ਤੋਂ ਪਹਿਲਾਂ ਬ੍ਰਿਟੇਨ ਭਾਰਤ ਨੂੰ ਯਾਤਰਾ ਕਰਨ ਦੀ 'ਲਾਲ ਸੂਚੀ' ਵਿੱਚ ਪਾਇਆ ਹੈ। ਇਸ ਹੇਠਭਾਰਤ ਤੋਂ ਸਾਰੀ ਯਾਤਰਾ ਰੋਕ ਦਿੱਤੀ ਗਈ ਅਤੇ ਭਾਰਤ ਤੋਂ ਵਾਪਸ ਆ ਰਹੇ ਯੂ ਕੇ ਦੇ ਨਾਗਰਿਕਾਂ ਨੂੰ 10 ਦਿਨ ਹੋਟਲ ਵਿੱਚ ਇਕਾਂਤਵਾਸ ਹੋਣਾ ਪਵੇਗਾ। ਨਿਊਜ਼ੀਲੈਂਡ ਵੀ ਭਾਰਤ ਤੋਂ ਯਾਤਰੀਆਂ ਦੇ ਆਉਣ ਉਤੇ ਪਾਬੰਦੀ ਲਗਾ ਚੁੱਕਾ ਹੈ।ਅ

## ਪਾਕਿ ਤੋਂ 19 ਸਾਲੀਂ ਛੁੱਟ ਕੇ ਆਏ ਜੰਮੂ-ਕਸ਼ਮੀਰ ਦੇ ਧਰਮ ਸਿੰਘ ਨੇ ਸੱਚਾਈ ਬਿਆਨ ਕੀਤੀ

* ਤਸੀਹੇ ਸਹਿ ਕੇ ਪਾਕਿ ਵਿੱਚ ਪਾਗਲ ਹੋਏ 14 ਭਾਰਤੀ



ਲਾਹੌਰ, 22 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਲਾਹੌਰ ਦੀ ਕੋਟ ਲਖਪਤ ਜੇਲ੍ਹ ਦੀਆਂ ਸੀਖਾਂ ਪਿੱਛੇ ਭਾਰਤੀ ਕੈਦੀਆਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾਣ ਦੀ ਗੱਲ ਨਵੀਂ ਨਹੀਂ, ਪਰ 19 ਸਾਲਾਂ ਬਾਅਦ ਰਿਹਾਅ ਹੋ ਕੇ ਪਰਤੇ ਜੰਮੂ-ਕਸ਼ਮੀਰ ਦੇ 39 ਸਾਲਾ ਧਰਮ ਸਿੰਘ ਨੇ ਜੋ ਬਿਆਨ ਕੀਤਾ ਹੈ, ਉਹ ਕਾਫੀ ਖੌਫਨਾਕ ਹੈ।

ਓਥੋਂ ਰਿਹਾਅ ਹੋ ਕੇ ਅਟਾਰੀ ਸਰਹੱਦ ਉੱਤੇ ਪੁੱਜੇ ਧਰਮ ਸਿੰਘ ਨੇ ਕਿਹਾ ਕਿ ਕੋਟ ਲਖਪਤ ਜੇਲ੍ਹ ਵਿੱਚ ਬੰਦ 14 ਭਾਰਤੀ ਤਸੀਹੇ ਸਹਿੰਦੇ-ਸਹਿੰਦੇ ਪਾਗਲ ਹੋ ਗਏ ਹਨ ਅਤੇ ਇਨ੍ਹਾਂ ਨੂੰ ਮਾਨਸਿਕ ਇਲਾਜ ਕੇਂਦਰ ਵਿੱਚ ਭੇਜਿਆ ਗਿਆ ਹੈ। ਉਨ੍ਹਾਂ ਨੂੰ ਖੁਦ ਪਤਾ ਨਹੀਂ ਕਿ ਉਹ ਭਾਰਤ ਤੋਂ ਪਾਕਿਸਤਾਨ ਕਿਵੇਂ ਆਏ ਤੇ ਭਾਰਤ ਵਿੱਚ ਕਿੱਥੇ ਰਹਿੰਦੇ ਸਨ। ਹੋਰ ਭਾਰਤੀ ਕੈਦੀਆਂ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਹੈ। ਢਿੱਡ ਭਰ ਕੇ ਖਾਣਾ ਨਹੀਂ ਦਿੱਤਾ ਜਾਂਦਾ ਅਤੇ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਹੈ। ਇਹ ਵਿਚਾਰ ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਡੋਡਾ ਦੀ ਤਹਿਸੀਲ ਬਡਰਾਵਾ ਦੇ ਪਿੰਡ ਅਵਾਲੀ ਮਸਾਰੀ ਦੇ ਧਰਮ ਸਿੰਘ (39 ਸਾਲ) ਦੇ ਹਨ। ਧਰਮ ਸਿੰਘ ਨੇ ਕਿਹਾ, ਮੈਂ 2003 ਵਿੱਚ ਗਲਤੀ ਨਾਲ ਜੰਮੂ ਦੇ ਸਾਂਬਾ ਬਾਰਡਰ ਤੋਂ ਪਾਕਿਸਤਾਨ ਵੱਲ ਚਲਾ ਗਿਆ ਤਾਂ ਪਾਕਿਸਤਾਨ ਰੇਂਜਰਜ਼ ਨੇ ਪਹਿਲਾਂ ਫੜ ਕੇ ਕੁੱਟਿਆ ਤੇ ਫਿਰ ਇੱਕ ਕਮਰੇ ਵਿੱਚ ਸੁੱਟ ਦਿੱਤਾ। ਦੋ ਸਾਲ ਕਮਰੇ ਵਿੱਚ ਬੰਨ੍ਹ ਕੇ ਰੱਖਿਆ ਗਿਆ। ਸਿਰਫ ਖਾਣਾ ਦੇਣ ਲਈ ਕਮਰੇ ਦਾ ਦਰਵਾਜ਼ਾ ਅਤੇ ਹੱਥ ਖੋਲ੍ਹੇ ਜਾਂਦੇ ਸਨ। 2005 ਵਿੱਚ ਮੈਨੂੰ ਕਮਰੇ ਵਿਚੋਂ ਕੱਢ ਕੇ ਫੌਜ ਦੇ ਹਵਾਲੇ ਕਰ ਦਿੱਤਾ ਤੇ ਮੈਨੂੰ ਜਾਸੂਸ ਐਲਾਨ ਕੇ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਫਿਰ ਦਹਿਸ਼ਤਗਰਦੀ ਦਾ ਦੋਸ਼ ਸਾਬਤ ਨਾ ਹੋਇਆ ਤਾਂ 14 ਸਾਲਾਂ ਦੀ ਹੋਰ ਸਜ਼ਾ ਭੁਗਤਣ ਲਈ ਕੋਟ ਲਖਪਤ ਜੇਲ੍ਹ ਵਿੱਚ ਪਾ ਦਿੱਤਾ ਗਿਆ। ਉਸ ਨੇ ਦੱਸਿਆ ਕਿ ਜੇਲ੍ਹ ਵਿੱਚ 31 ਹੋਰ ਭਾਰਤੀ ਕੈਦੀ ਵੀ ਸਨ, ਜਿਨ੍ਹਾਂ ਵਿੱਚੋਂ 14 ਪਾਗਲ ਹੋ ਚੁੱਕੇ ਹਨ। ਸਾਰਿਆਂ ਉੱਤੇ ਜਾਸੂਸੀ ਤੇ ਦਹਿਸ਼ਤਗਰਦੀ ਦਾ ਦੋਸ਼ ਸੀ। ਪਾਕਿਸਤਾਨੀ ਕੈਦੀ ਨਸਵਾਰ ਤੇ ਸਿਗਰਟ ਦੀ ਵਰਤੋਂ ਕਰਦੇ ਸਨ। ਸਾਰੇ ਭਾਰਤੀ ਕੈਦੀ ਬਿਮਾਰ ਹਨ। ਜੰਜੀਰਾਂ ਨਾਲ ਬੰਨ੍ਹ ਕੇ ਰੱਖੇ ਕੈਦੀ ਹੋਸ਼ ਗੁਆ ਚੁੱਕੇ ਹਨ। ਧਰਮ ਸਿੰਘ ਨੇ ਕਿਹਾ, 'ਮੈਂ ਵੀਹ ਸਾਲਾਂ ਦਾ ਸੀ, ਜਦੋਂ ਗਲਤੀ ਨਾਲ ਪਾਕਿਸਤਾਨ ਚਲਾ ਗਿਆ। ਅੱਜ 39 ਸਾਲਾਂ ਦਾ ਹੋ ਚੁੱਕਾ ਹਾਂ। ਮਾਂ ਦਾ ਦਿਹਾਂਤ ਹੋ ਗਿਆ। ਦਿਮਾਗੀ ਤੌਰ ਉੱਤੇ ਮੈ ਵੀ ਪ੍ਰੇਸ਼ਾਨ ਹਾਂ। ਉਥੇ ਜੇਲ੍ਹ ਨਹੀਂ ਇੱਕ ਤਰ੍ਹਾਂ ਦਾ ਤਸੀਹਾ ਕੇਂਦਰ ਹੈ, ਜਿੱਥੇ ਸਿਰਫ ਭਾਰਤੀਆਂ ਉੱਤੇ ਅਤਿਆਚਾਰ ਕੀਤਾ ਜਾਂਦਾ ਹੈ। ਰੱਬ ਦਾ ਸ਼ੁਕਰ ਹੈ ਕਿ ਮੈਂ ਜ਼ਿੰਦਾ ਪਰਤ ਆਇਆਂ।'ਧਰਮ ਸਿੰਘ ਨੂੰ ਅਟਾਰੀ ਬਾਰਡਰ ਉੱਤੇ ਮੈਡੀਕਲ ਜਾਂਚ ਪਿੱਛੋਂ 14 ਦਿਨਾਂ ਲਈ ਗੁਰੂ ਨਾਨਕ ਹਸਪਤਾਲ ਵਿੱਚ ਕੁਆਰੰਟਾਈਨ ਕੀਤਾ ਗਿਆ ਹੈ। ਅਟਾਰੀ ਬਾਰਡਰ ਉੱਤੇ ਪੰਜਾਬ ਪੁਲਸ ਦੇ ਪ੍ਰੋਟੋਕੋਲ ਅਫਸਰ ਅਰੁਣ ਕੁਮਾਰ ਮੁਤਾਬਕ ਕੁਆਰੰਟਾਈਨ ਪੂਰਾ ਹੋਣ ਤੋਂ ਬਾਅਦ ਧਰਮ ਸਿੰਘ ਨੂੰ ਜੰਮੂ ਭੇਜਿਆ ਜਾਵੇਗਾ।


## ਅਮਰੀਕਾ ਨੇ ਕਿਹਾ: ਅਸੀਂ ਭਾਰਤ ਦੀਆਂ ਜ਼ਰੂਰਤਾਂ ਸਮਝਦੇ ਹਾਂ



ਵਾਸ਼ਿੰਗਟਨ, 22 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵੈਕਸੀਨ ਤਿਆਰ ਕਰਨ ਲਈ ਜ਼ਰੂਰੀ ਕੱਚੇ ਮਾਲ ਦੀ ਸਪਲਾਈ ਉਤੇ ਰੋਕ ਦੇ ਸਵਾਲ ਉੱਤੇ ਅਮਰੀਕਾ ਨੇ ਕਿਹਾ ਹੈ ਕਿ ਅਸੀਂ ਭਾਰਤ ਦੀਆਂ ਜ਼ਰੂਰਤਾਂ ਸਮਝਦੇ ਹਾਂ।

ਇਸ ਦੌਰਾਨ ਅਮਰੀਕਾ ਦੀ ਜੋ ਬਾਈਡਨ ਸਰਕਾਰ ਨੇ ਭਾਰਤ ਦੀ ਬੇਨਤੀ ਬਾਰੇ ਕਿਹਾ ਕਿ ਅਸੀਂ ਭਾਰਤ ਦੀਆਂ ਫਾਰਮਸੂਟੀਕਲ ਜ਼ਰੂਰਤਾਂ ਨੂੰ ਸਮਝਦੇ ਹਾਂ ਤੇ ਇਸ ਬਾਰੇ ਵਿਚਾਰ ਕਰਾਂਗੇ। ਇਸ ਤੋਂ ਇਲਾਵਾ ਅਮਰੀਕੀ ਸਰਕਾਰ ਨੇ ਇਹ ਵੀ ਮੰਨਿਆ ਹੈ ਕਿ ਘਰੇਲੂ ਕੰਪਨੀਆਂ ਵੱਲੋਂ ਪਹਿਲਾਂ ਆਪਣੇ ਨਾਗਰਿਕਾਂ ਨੂੰ ਪਹਿਲ ਦੇਣ ਦੀ ਨੀਤੀ ਨਾਲ ਅਜਿਹਾ ਹੋਇਆ ਹੈ। ਰਾਸ਼ਟਰਪਤੀ ਜੋ ਬਾਈਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾ ਸੰਕਟ ਤੋਂ ਬਾਅਦ ਡਿਫੈਂਸ ਪ੍ਰੋਡਕਸ਼ਨ ਐਕਟ ਲਾਗੂ ਕਰ ਦਿੱਤਾ ਸੀ। ਇਸ ਦੇ ਚੱਲਦਿਆਂ ਅਮਰੀਕੀ ਕੰਪਨੀਆਂ ਨੂੰ ਪਹਿਲਾਂ ਆਪਣੇ ਦੇਸ਼ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਉਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ। ਇਸ ਕਾਨੂੰਨ ਦੀ ਵਜ੍ਹਾ ਨਾਲ ਕੰਪਨੀਆਂ ਨੂੰ ਦਵਾਈਆਂ ਤੋਂ ਪੀ ਪੀ ਈ ਕਿੱਟਾਂ ਤੱਕ ਬਣਾਉਣ ਵਿੱਚ ਪਹਿਲਾਂ ਅਮਰੀਕਾ ਉੱਤੇ ਧਿਆਨ ਕੇਂਦਰਿਤ ਕਰਨਾ ਪਿਆ। ਅਮਰੀਕਾ ਵਿੱਚ ਫਾਈਜ਼ਰ ਤੇ ਮਾਡਰਨਾ ਨੇ ਵੈਕਸੀਨ ਤਿਆਰ ਕੀਤੀ ਹੈ ਅਤੇ 4 ਜੁਲਾਈ ਤੱਕ ਪੂਰੀ ਅਬਾਦੀ ਨੂੰ ਟੀਕਾ ਲਗਾਉਣ ਦੀ ਤਿਆਰੀ ਹੈ। ਇਸੇ ਦੌਰਾਨ ਭਾਰਤ ਸਮੇਤ ਕਈ ਹੋਰ ਦੇਸ਼ਾਂ ਵਿੱਚ ਵੈਕਸੀਨ ਤਿਆਰ ਕਰਨ ਲਈ ਜ਼ਰੂਰੀ ਕੱਚੇ ਮਾਲ ਦੀ ਕਿੱਲਤ ਵੇਖੀ ਜਾ ਰਹੀ ਹੈ।

## ਬੇਰੋਜ਼ਗਾਰਾਂ ਦੇ ਦੌਰ ਵਿੱਚ ਇੱਕ ਕੰਪਨੀ ਨੇ ਕੁੱਤਿਆਂ ਦੇ ਲਈ ਲੱਖਾਂ ਦੀ ਤਨਖਾਹ ਵਾਲੀ ਵੈਂਕੇਸੀ ਕੱਢੀ



ਲੰਡਨ, 22 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਅਤੇ ਦੁਨੀਆਂ ਵਿੱਚ ਬੇਰੋਜ਼ਗਾਰੀ ਇੱਕ ਵੱਡਾ ਮੁੱਦਾ ਬਣ ਗਿਆ ਹੈ ਅਤੇ ਹਰ ਦੇਸ਼ ਵਿੱਚ ਨੌਜਵਾਨ ਵਰਗ ਬੇਰੋਜ਼ਗਾਰੀ ਨਾਲ ਆਰਥਿਕ ਤੰਗੀ ਭੁਗਤ ਰਿਹਾ ਹੈ। ਜਦੋਂ ਇਨਸਾਨਾਂ ਨੂੰ ਨੌਕਰੀ ਨਹੀਂ ਮਿਲ ਰਹੀ, ਓਦੋਂ ਇੱਕ ਕੰਪਨੀ ਨੇ ਕੁੱਤਿਆਂ ਲਈ ਸ਼ਾਨਦਾਰ ਵੈਂਕੇਸੀ ਕੱਢੀ ਹੈ। ਹੈਰਾਨੀ ਵਾਲੀ ਗੱਲ ਤਾਂ ਹੈ, ਪਰ ਇਸ ਤੋਂ ਵੀ ਜ਼ਿਆਦਾ ਹੈਰਾਨ ਕਰ ਦੇਣ ਵਾਲੀ ਗੱਲ ਕੁੱਤਿਆਂ ਦੀ ਪ੍ਰਸਤਾਵਤ ਤਨਖਾਹ ਬਾਰੇ ਹੈ।

ਬੁਸ਼ ਬੀਅਰ ਕੰਪਨੀ ਨੇ ਯੋਗ ਤੇ ਟਰੇਂਡ ਕੁੱਤਿਆਂ ਲਈ ਵੈਕੇਂਸੀ ਕੱਢੀ ਹੈ। ਇਸ ਦੇ ਲਈ ਬਾਕਾਇਦਾ ਟਵਿੱਟਰ ਉਤੇ ਹਾਇਰਿੰਗ ਦੀ ਸੂਚਨਾ ਪੋਸਟ ਕੀਤੀ ਗਈ ਹੈ। ਕੰਪਨੀ ਨੂੰ ਚੀਫ ਟੈਸਟਿੰਗ ਅਫਸਰ ਦੇ ਲਈ ਯੋਗ ਕੁੱਤੇ ਦੀ ਤਲਾਸ਼ ਹੈ। ਇਹ ਨੌਕਰੀ ਲੈਣ ਵਾਲੇ ਕੁੱਤੇ ਨੂੰ ਸ਼ਾਨਦਾਰ ਤਨਖਾਹ ਕਰੀਬ 15 ਲੱਖ ਰੁਪਏ ਸਾਲਾਨਾ ਮਿਲਣਗੇ। ਤਨਖਾਹ ਦੀ ਗੱਲ ਸੁਣ ਕੇ ਲੋਕਾਂ ਦੇ ਮੂੰਹ ਖੁੱਲ੍ਹੇ ਰਹਿ ਗਏ। ਜਦੋਂ ਲੋਕਾਂ ਨੂੰ ਪੰਜ ਦਸ ਹਜ਼ਾਰ ਦੀ ਨੌਕਰੀ ਨਹੀਂ ਮਿਲ ਰਹੀ, ਕੁੱਤੇ ਨੂੰ ਹਰ ਮਹੀਨੇ ਇੱਕ ਲੱਖ ਰੁਪਏ ਤੋਂ ਵੱਧ ਮਿਲਣਗੇ। ਇਹੀ ਨਹੀਂ ਟਰੇਂਡ ਕੁੱਤੇ ਦੀ ਤਨਖਾਹ ਦੇ ਨਾਲ ਉਸ ਦਾ ਇੰਸ਼ੋਰੈਂਸ ਵੀ ਹੋਵੇਗਾ। ਉਸ ਨੂੰ ਬੁਸ਼ ਦਾ ਕਵਾਲਿਟੀ ਕੰਟਰੋਲ ਅਧਿਕਾਰੀ ਵਜੋਂ ਬ੍ਰਾਂਡ ਅੰਬੈਸਡਰ ਦੀ ਭੂਮਿਕਾ ਨਿਭਾਉਣੀ ਹੋਵੇਗੀ।

ਕੰਪਨੀ ਦਾ ਕਹਿਣਾ ਹੈ ਕਿ ਬੁਸ਼ ਦਾ ਬਿਹਰਤਰੀਨ ਸਵਾਦ ਹੋਰ ਕਿਵੇਂ ਬਿਹਤਰ ਕੀਤਾ ਜਾਵੇ, ਨਵੇਂ ਫਲੇਵਰ ਕਿਹੋ ਜਿਹੇ ਹੋਣ ਅਤੇ ਪੈਟਸ ਦੇ ਲਈ ਪ੍ਰੋਜੈਕਟ ਉਤੇ ਕੰਮ ਕਰਨ ਦੇ ਲਈ ਅਜਿਹੇ ਕੁੱਤਿਆਂ ਦੀ ਜ਼ਰੂਰਤ ਹੈ, ਜੋ ਯੋਗ ਹੋਣ ਅਤੇ ਸਵਾਦ ਪਰਖਣ ਦੇ ਕਾਬਲ ਹੋਣ, ਯਾਨੀ ਜਲਦੀ ਹੀ ਬੁਸ਼ ਦੇ ਪੈਟਸ ਉਤਪਾਦਾਂ ਦੀ ਜ਼ਿੰਮੇਵਾਰੀ ਇੱਕ ਯੋਗ ਕੁੱਤੇ ਦੇ ਹੱਥ ਹੋਵੇਗੀ, ਜੋ ਆਪਣੇ ਵਰਗੇ ਜਾਨਵਰਾਂ ਲਈ ਬਿਹਤਰ ਸਵਾਦ ਵਾਸਤੇ ਅਹਿਮ ਭੂਮਿਕਾ ਨਿਭਾਏਗਾ।

## ਬ੍ਰਿਟੇਨ ਵਿੱਚ ਸੋਗ ਸਮਾਪਤ ਹੋਣ ਪਿੱਛੋਂ ਮਹਾਰਾਣੀ ਦੇ ਸਾਸ਼ਨ ਕਾਲ ਦੇ 70 ਸਾਲਾ ਜਸ਼ਨ ਸ਼ੁਰੂ



ਲੰਡਨ, 22 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੀ ਮਹਾਰਾਣੀ ਐਲੀਜ਼ਾਬੈਥ ਦੇ ਪਤੀ ਪ੍ਰਿੰਸ ਫਿਲਿਪ ਦੇ ਦੇਹਾਂਤ ਉਤੇ ਦੇਸ਼ ਵਿੱਚ ਐਲਾਨੇ ਸ਼ੋਕ ਦੀ ਮਿਆਦ ਖਤਮ ਹੋਣ ਪਿੱਛੋਂ ਕੱਲ੍ਹ ਮਹਾਰਾਣੀ ਦੇ 95ਵੇਂ ਜਨਮ ਦਿਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਉਨ੍ਹਾਂ ਦੇ ਰਾਜ ਦੇ 70 ਸਾਲ ਹੋਣ ਦੇ ਜਸ਼ਨਾਂ ਦੀ ਤਿਆਰੀ ਸ਼ੁਰੂ ਹੋ ਗਈ ਹੈ। ਇਹ ਜਸ਼ਨ ਇੰਗਲੈਂਡ ਨੂੰ ਇਹ ਯਾਦ ਦਿਵਾ ਰਹੇ ਹਨ ਕਿ ਉਨ੍ਹਾਂ ਦੀ ਮਹਾਰਾਣੀ ਦਾ ਸ਼ਾਸਨਕਾਲ ਵੀ ਸੀਮਤ ਹੈ।

ਵਰਨਣ ਯੋਗ ਹੈ ਕਿ ਇੰਗਲੈਂਡ ਦੀ ਮੌਜੂਦਾ ਜਨਤਾ ਵਿੱਚ ਕਈ ਲੋਕ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਸਿਰਫ਼ ਇੱਕ ਮਹਾਰਾਣੀ/ਮਹਾਰਾਜਾ (ਐਲੀਜ਼ਾਬੈਥ) ਦਾ ਸ਼ਾਸਨ ਦੇਖਿਆ ਹੈ। ਇਸ ਦੇ ਨਾਲ ਹੀ ਅਟਕਲਾਂ ਲਾਈਆਂ ਜਾ ਰਹੀਆਂ ਹਨ ਅਤੇ ਚਰਚਾ ਚੱਲ ਰਹੀ ਹੈ ਕਿ ਮਹਾਰਾਣੀ ਕਿੰਨੇ ਦਿਨਾਂ ਤੱਕ ਰਾਜਗੱਦੀ ਉਤੇ ਰਹੇਗੀ, ਭਵਿੱਖ ਵਿੱਚ ਰਾਜਸ਼ਾਹੀ ਕਿਹੋ ਜਿਹੀ ਹੋਵੇਗੀ ਅਤੇ ਇੱਥੋਂ ਤੱਕ ਕਿ ਕੀ ਰਾਜਸ਼ਾਹੀ ਬਣੀ ਰਹਿਣੀ ਚਾਹੀਦੀ ਹੈ ਜਾਂ ਨਹੀਂ। ਲੰਡਨ ਯੂਨੀਵਰਸਿਟੀ ਵਿੱਚ ਰਾਇਲ ਹੋਲੋਵੇ ਵਿੱਚ ਸੈਂਟਰ ਫਾਰ ਦਿ ਸਟਡੀ ਆਫ ਮਾਡਰਨ ਮੋਨਾਕਰੀ ਦੀ ਡਾਇਰੈਕਟਰ ਅੰਨਾ ਵ੍ਹਿਟਲਾਕ ਨੇ ਕਿਹਾ ਕਿ ਮਹਾਰਾਣੀ ਆਪਣੇ ਸ਼ਾਸਨਕਾਲ ਦੇ ਅਖੀਰ ਅਤੇ ਸ਼ਾਸਨ ਦੇ ਨਵੇਂ ਸਮੇਂ ਵਿੱਚ ਐਂਟਰੀ ਕਰ ਰਹੀ ਹੈ। ਬਹੁਤੇ ਜਾਣਕਾਰਾਂ ਦਾ ਕਹਿਣਾ ਹੈ ਕਿ ਮਹਾਰਾਣੀ ਜੀਵਨ ਵਿੱਚ ਲੋਕ ਸੇਵਾ ਦਾ ਆਪਣਾ ਵਾਅਦਾ ਨਹੀਂ ਛੱਡੇਗੀ, ਪਰ ਉਨ੍ਹਾਂ ਨੇ ਆਪਣੇ ਵੱਡੇ ਬੇਟੇ ਪ੍ਰਿੰਸ ਚਾਰਲਸ (72) ਨੂੰ ਵੱਧ ਤੋਂ ਵੱਧ ਜ਼ਿੰਮੇਵਾਰੀਆਂ ਸੌਂਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਿੰਸ ਫਿਲਿਪ ਦੇ ਦੇਹਾਂਤ ਤੋਂ ਬਾਅਦ ਇਸ ਪ੍ਰਕਿਰਿਆ ਵਿੱਚ ਹੋਰ ਤੇਜ਼ੀ ਆਉਣ ਦੀ ਸੰਭਾਵਨਾ ਹੈ।

ਮਹਾਰਾਣੀ ਨੇ ਲੰਮੀ ਦੂਰੀ ਦਾ ਹਵਾਈ ਸਫਰ ਬੰਦ ਕੀਤਾ ਹੈ, ਉਸੇ ਦੌਰਾਨ ਪ੍ਰਿੰਸ ਚਾਰਲਸ ਦੀਆਂ ਜ਼ਿੰਮੇਵਾਰੀਆਂ ਵਧੀਆਂ ਹਨ। ਪ੍ਰਿੰਸ ਚਾਰਲਸ ਨੇ 2013 ਵਿੱਚ ਸ੍ਰੀਲੰਕਾ ਵਿੱਚ ਕਰਵਾਏ ਕਾਮਨਵੈੱਲਥ ਦੇਸ਼ਾਂ ਦੀ ਬੈਠਕ 'ਚ ਮਹਾਰਾਣੀ ਦੇ ਸਥਾਨ ਉੱਤੇ ਹਿੱਸਾ ਲਿਆ ਸੀ।

## ਗ੍ਰੇਟਾ ਥੁਨਬਰਗ ਵੱਲੋਂ ਕੋਵਿਡ ਵੈਕਸੀਨ ਲੋੜਵੰਦਾਂ ਲਈ ਇੱਕ ਲੱਖ ਯੂਰੋ ਦਾ ਦਾਨ

ਵੈਨਿਸ, 22 ਅਪ੍ਰੈਲ (ਪੋਸਟ ਬਿਊਰੋ)- ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਅਤੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਛੋਟੀ ਉਮਰੇ ਕ੍ਰਾਂਤੀਕਾਰੀ ਭੂਮਿਕਾ ਨਿਭਾਉਣ ਵਾਲੀ ਗ੍ਰੇਟਾ ਥੁਨਬਰਗ ਨੇ ਕੋਵਿਡ ਵੈਕਸੀਨ ਲਈ ਲੋੜਵੰਦਾਂ ਲਈ ਇੱਕ ਲੱਖ ਯੂਰੋ ਦੇਣ ਦਾ ਐਲਾਨ ਕਰ ਕੇ ਇੱਕ ਵੱਡੀ ਪਹਿਲ ਕੀਤੀ ਹੈ। ਆਪਣੇ ਟਵੀਟ ਰਾਹੀ ਗ੍ਰੇਟਾ ਥੁਨਬਰਗ ਨੇ ਕਿਹਾ ਕਿ ਉਸ ਦੀ ਸੰਸਥਾ ਲੋੜਵੰਦਾਂ ਤੱਕ ਕੋਰੋਨਾ ਦੀ ਵੈਕਸੀਨ ਪਹੁੰਚਾਉਣ ਲਈ ਗਰੀਬ ਦੇਸ਼ਾਂ ਲਈ ਇੱਕ ਲੱਖ ਯੂਰੋ ਦਾਨ ਕਰੇਗੀ। ਇਹ ਰਕਮ ਵਰਲਡ ਹੈਲਥ ਐਸੋਸੀਏਸ਼ਨ ਨੂੰ ਭੇਜੀ ਜਾਵੇਗੀ ਤਾਂ ਜੋ ਗਰੀਬ ਦੇਸ਼ਾਂ ਨੂੰ ਕੋਰੋਨਾ ਸੰਕਟ ਵਿੱਚ ਮਦਦ ਮਿਲ ਸਕੇ। ਗ੍ਰੇਟਾ ਨੇ ਕਿਹਾ ਕਿ ਵਿਸ਼ਵ ਭਰ ਵਿੱਚ 500 ਮੁਲਕ ਗਰੀਬੀ ਨਾਲ ਜੂਝ ਰਹੇ ਹਨ ਜਿੱਥੇ ਇਸ ਸੰਕਟ ਸਮੇਂ ਮਦਦ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵੈਕਸੀਨ ਦੀ ਵੰਡ ਵਿੱਚ ਅਮੀਰੀ ਗਰੀਬੀ ਦਾ ਪਾੜਾ ਖ਼ਤਮ ਹੋਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਗ੍ਰੇਟਾ ਥੁਨਬਰਗ ਸਵੀਡਨ ਦੀ ਜੰਮਪਾਲ ਹੈ, ਜਿਸ ਦੀ ਉਮਰ ਹਾਲੇ ਸਿਰਫ਼ 18 ਸਾਲ ਹੈ ਅਤੇ ਏਨੀ ਛੋਟੀ ਉਮਰ ਵਿੱਚ ਉਸ ਨੇ ਵਾਤਾਵਰਨ ਦੀ ਸੰਭਾਲ ਲਈ ਵਿਸ਼ਵ ਪੱਧਰੀ ਮੁਹਿੰਮ ਚਲਾ ਕੇ ਸਮੁੱਚੇ ਵਿਸ਼ਵ ਦਾ ਧਿਆਨ ਖਿੱਚਿਆ ਹੈ ਅਤੇ ਉਹ ਕਰੋੜਾਂ ਨੌਜਵਾਨ ਮੁੰਡੇ ਕੁੜੀਆਂ ਲਈ ਰੋਲ ਮਾਡਲ ਸਾਬਤ ਹੋਈ ਹੈ। ਉਸ ਦੇ ਵਡਮੁੱਲੇ ਵਿਚਾਰਾਂ ਅਤੇ ਕਾਰਜਾਂ ਦੀ ਸ਼ਲਾਘਾ ਹਿਤ ਵਿਸ਼ਵ ਦੀਆਂ ਅਨੇਕਾਂ ਪ੍ਰਸਿੱਧ ਸੰਸਥਾਵਾਂ ਵੱਲੋਂ ਗ੍ਰੇਟਾ ਨੂੰ ਵਾਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਵੀ ਜਾ ਚੁੱਕਾ ਹੈ।

## ਕੋਰੋਨਾ ਦੇ ਵਧਦੇ ਕੇਸਾਂ ਉੱਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਸਖਤ ਸਵਾਲ ਪੁੱਛੇ

ਨਵੀਂ ਦਿੱਲੀ, 22 ਅਪਰੈਲ, (ਪੋਸਟ ਬਿਊਰੋ)-ਭਾਰਤਵਿੱਚ ਤੇਜ਼ੀ ਨਾਲ ਵਧਦੇ ਕੋਰੋਨਾ ਇਨਫੈਕਸ਼ਨ ਦੇ ਕੇਸਾਂਵਿੱਚ ਆਕਸੀਜਨ ਅਤੇ ਦਵਾਈਆਂ ਦੀ ਘਾਟ ਦੇ ਕਾਰਨ ਸੁਪਰੀਮ ਕੋਰਟ ਨੇ ਅੱਜ ਸਖ਼ਤ ਰੁਖ ਧਾਰਨ ਕੀਤਾ ਤੇ ਇਸ ਦਾ ਖ਼ੁਦ ਨੋਟਿਸ ਲਿਆ ਅਤੇ ਕੇਂਦਰ ਸਰਕਾਰ ਨੂੰ ਨੋਟਿਸ ਭੇਜ ਕੇ ਪੁੱਛਿਆ ਹੈ ਕਿ ਤੇਜ਼ੀ ਨਾਲ ਵਧਦੇ ਕੇਸਾਂਬਾਰੇ ਉਨ੍ਹਾਂ ਦੀ ਕੀ ਯੋਜਨਾ ਹੈ। ਅਦਾਲਤ ਨੇ ਹਰੀਸ਼ ਸਾਲਵੇ ਨੂੰ ਇਸ ਕੇਸ ਦਾ ਐਮੀਕਸ ਕਿਊਰੀ ਨਿਯੁਕਤ ਕੀਤਾ ਹੈ।

ਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਨੇ ਭਾਰਤ ਵਿਚ ਤੇਜ਼ੀ ਨਾਲ ਵੱਧ ਰਹੇ ਕੋਰੋਨਾ ਦੇ ਕੇਸਾਂਬਾਰੇ ਚਾਰ ਮਹੱਤਵ ਪੂਰਨ ਮੁੱਦਿਆਂ ਉੱਤੇ ਕੇਂਦਰ ਸਰਕਾਰ ਤੋਂ ਨੈਸ਼ਨਲ ਪਲਾਨ ਪੁੱਛਿਆ ਹੈ। ਇਸ ਵਿੱਚ ਪਹਿਲਾਂ ਆਕਸੀਜਨ ਦੀ ਸਪਲਾਈ ਦਾ ਸਵਾਲ ਹੈ। ਦੂਸਰਾ ਸਵਾਲ ਦਵਾਈਆਂ ਦੀ ਸਪਲਾਈ ਬਾਰੇ, ਤੀਸਰਾ ਵੈਕਸੀਨੇਸ਼ਨ ਦੀ ਵਿਧੀ ਅਤੇ ਪ੍ਰਕਿਰਿਆ ਬਾਰੇ ਅਤੇ ਚੌਥਾ ਸਵਾਲ ਲਾਕਡਾਊਨ ਬਾਰੇ ਹੈ ਕਿ ਇਹਲਾਗੂ ਕਰਨ ਦਾ ਅਧਿਕਾਰ ਕਿਸ ਨੂੰ ਹੈ। ਕੋਰਟ ਨੇ ਇਨ੍ਹਾਂ ਮੁੱਦਿਆਂ ਨੂੰ ਗੰਭੀਰਤਾ ਨਾਲ ਲਿਆ ਅਤੇ ਇੱਕ ਦਿਨ ਬਾਅਦਹੀ ਅਗਲੀ ਸੁਣਵਾਈ ਕੀਤੀ ਜਾਵੇਗੀ।

ਇਸ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਛੇ ਵੱਖ-ਵੱਖ ਹਾਈ ਕੋਰਟਾਂ ਨੇ ਇਸ ਕੇਸਵਿੱਚ ਸੰਜੀਦਗੀ ਵਿਖਾਈ ਹੈ, ਪਰ ਇਸ ਦੌਰਾਨ 'ਭੁਲੇਖਾ ਅਤੇ ਮੋੜ' ਵੀ ਹੈ। ਕੋਰਟ ਨੇ ਕਿਹਾ ਕਿ ਕੋਰੋਨਾ ਸੰਕਟ ਦੇ ਕਾਰਨ ਇਲਾਹਾਬਾਦ, ਬੰਬੇ, ਦਿੱਲੀ, ਸਿੱਕਮ, ਕਲਕੱਤਾ ਅਤੇ ਉੜੀਸਾ ਹਾਈ ਕੋਰਟ ਵਿੱਚ ਸੁਣਵਾਈ ਹੋ ਰਹੀ ਹੈ। ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਦੇ ਲਾਕਡਾਊਨ ਦੇ ਆਦੇਸ਼ ਬਾਰੇ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਹਾਈ ਕੋਰਟ ਏਦਾਂ ਦਾ ਆਦੇਸ਼ ਪਾਸ ਕਰੇ।ਚੀਫ ਜਸਟਿਸ ਐਸਏ ਬੋਬੜੇ ਨੇ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ ਅਸੀਂ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਲਾਕਡਾਊਨ ਲਾਗੂ ਕਰਨ ਕਰਨ ਦਾ ਅਧਿਕਾਰ ਰਾਜ ਸਰਕਾਰਾਂ ਦਾ ਹੋਵੇਤੇ ਇਸਦੀ ਵਰਤੋਂ ਅਦਾਲਤਾਂ ਵੱਲੋਂ ਨਹੀਂ ਕੀਤੀ ਜਾਣੀ ਚਾਹੀਦੀ। ਫਿਰ ਵੀ ਇਸ ਬਾਰੇ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਗਿਆ ਹੈ।

## ਰੌਜਰਜ਼ ਦੇ ਕਈ ਗਾਹਕਾਂ ਵੱਲੋਂ ਸੇਵਾਵਾਂ ਵਿੱਚ ਵਿਘਨ ਪੈਣ ਦੀ ਕੀਤੀ ਗਈ ਸ਼ਿਕਾਇਤ

ਓਟਵਾ, 22 ਅਪਰੈਲ (ਪੋਸਟ ਬਿਊਰੋ) : ਸੋਮਵਾਰ ਸਵੇਰੇ ਰੌਜਰਜ਼ ਦੇ ਕਈ ਵਾਇਰਲੈੱਸ ਗਾਹਕਾਂ ਨੇ ਦੇਸ਼ ਭਰ ਵਿੱਚ ਸੇਵਾਵਾਂ ਵਿੱਚ ਵਿਘਨ ਪੈਣ ਦੀ ਸ਼ਿਕਾਇਤ ਕੀਤੀ।

ਹੁਣ ਤੱਕ ਆਨਲਾਈਨ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਿਕਾਇਤਾਂ ਦਰਜ ਕੀਤੀਆਂ ਜਾ ਚੁੱਕੀਆਂ ਹਨ। ਰੌਜਰਜ਼ ਦੇ ਗਾਹਕ ਆਖ ਰਹੇ ਹਨ ਉਨ੍ਹਾਂ ਨੂੰ ਡਾਟਾ ਨਾਲ ਸਬੰਧਤ ਦਿੱਕਤਾਂ ਹੋ ਰਹੀਆਂ ਹਨ ਤੇ ਕੁੱਝ ਦਾ ਕਹਿਣਾ ਹੈ ਕਿ ਉਹ ਨਾ ਹੀ ਫੋਨ ਕਾਲਜ਼ ਕਰ ਪਾ ਰਹੇ ਹਨ ਤੇ ਨਾ ਹੀ ਟੈਕਸਟ ਮੈਸੇਜ ਭੇਜ ਪਾ ਰਹੇ ਹਨ। ਕੁੱਝ ਲੋਕ ਇੰਟਰਨੈੱਟ ਸਰਵਿਸ ਬੰਦ ਹੋਣ ਦੀ ਵੀ ਸ਼ਿਕਾਇਤ ਕਰ ਰਹੇ ਸਨ।




ਰੌਜਰਜ਼ ਦਾ ਕਹਿਣਾ ਹੈ ਕਿ ਉਹ ਇਸ ਦਿੱਕਤ ਤੋਂ ਜਾਣੂ ਹੈ ਤੇ ਸਰਵਿਸ ਨੂੰ ਬਹਾਲ ਕਰਨ ਲਈ ਕੰਮ ਕਰ ਰਿਹਾ ਹੈ। ਰਿਪੋਰਟਾਂ ਤੋਂ ਸਾਹ-ਮਣੇ ਆਇਆ ਹੈ ਇਹ ਸਮੱਸਿਆ ਕਈ ਘੰਟਿਆਂ ਤੱਕ ਰਹੀ। ਸੇਵਾਵਾਂ ਬਹਾਲ ਹੋਣ ਵਿੱਚ ਹੋਰ ਕਿੰਨਾਂ ਸਮਾਂ ਲੱਗੇਗਾ ਇਸ ਬਾਰੇ ਅਜੇ ਤੱਕ ਰੌਜਰਜ਼ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਇਸ ਸਮੱਸਿਆ ਦਾ ਕਾਰਨ ਕੀ ਸੀ।

## ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਲਾਉਣਗੇ ਕਲਾਸਾਂ

ਓਨਟਾਰੀਓ, 22 ਅਪਰੈਲ (ਪੋਸਟ ਬਿਊਰੋ) : ਸਪਰਿੰਗ ਬ੍ਰੇਕ ਤੋਂ ਬਾਅਦ ਭਾਵੇਂ ਸਕੂਲਾਂ ਦੀਆਂ ਬਿਲਡਿੰਗਜ਼ ਬੰਦ ਰਹਿਣਗੀਆਂ ਪਰ ਸੋਮਵਾਰ ਤੋਂ ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਕਲਾਸਾਂ ਲਾਉਣਗੇ।



ਸਰਕਾਰ ਵੱਲੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੁੱਝ ਨਵੀਆਂ ਪਾਬੰਦੀਆਂ ਵੀ ਐਲਾਨੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੰਟਰਪ੍ਰੋਵਿੰਸ਼ੀਅਲ ਟਰੈਵਲ ਨੂੰ ਸੀਮਤ ਕਰਨਾ ਵੀ ਸ਼ਾਮਲ ਹੈ। ਇੰਟਰਪ੍ਰੋਵਿੰਸ਼ੀਅਲ ਬਾਰਡਰ ਕਰੌਸਿੰਗ ਨੂੰ ਸੀਮਤ ਕਰਨ ਲਈ ਚੈੱਕ ਪੁਆਇੰਟਸ ਵੀ ਕਾਇਮ ਕਰ ਦਿੱਤੇ ਗਏ ਹਨ। ਓਨਟਾਰੀਓ ਵਿੱਚ ਕੰਮ, ਮੈਡੀਕਲ ਕੇਅਰ, ਵਸਤਾਂ ਦੀ ਟਰਾਂਸਪੋਰਟੇਸ਼ਨ ਤੇ ਇੰਡੀਜੀਨਸ ਸੰਧੀ ਦੇ ਅਧਿਕਾਰਾਂ ਨੂੰ ਪੂਰਾ ਕਰਨ ਲਈ ਆਉਣ ਵਾਲਿਆਂ ਨੂੰ ਹੀ ਖੁੱਲ੍ਹ ਦਿੱਤੀ ਜਾਵੇਗੀ।

ਸ਼ੁੱਕਰਵਾਰ ਨੂੰ ਐਲਾਨੇ ਕੁੱਝ ਪਬਲਿਕ ਹੈਲਥ ਨਿਯਮਾਂ ਨੂੰ ਵਾਪਿਸ ਲੈਣ ਦੇ ਬਾਵਜੂਦ ਪ੍ਰੋਵਿਂਸ ਆਪਣੇ ਇਸ ਫੈਸਲੇ ਉੱਤੇ ਕਾਇਮ ਰਹੀ। ਸ਼ਨਿੱਚਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਮਾਪਿਆਂ ਤੇ ਪਬਲਿਕ ਹੈਲਥ ਮਾਹਿਰਾਂ ਵੱਲੋਂ ਕੀਤੀ ਨੁਕਤਾਚੀਨੀ ਤੋਂ ਬਾਅਦ ਪਲੇਅਗ੍ਰਾਊਂਡ ਨੂੰ ਬੰਦ ਕਰਨ ਦੇ ਆਪਣੇ ਫੈਸਲੇ ਨੂੰ ਵਾਪਿਸ ਲੈ ਲਿਆ। ਸ਼ਨਿੱਚਰਵਾਰ ਨੂੰ ਪ੍ਰੋਵਿੰਸ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਸ਼ਕਤੀਆਂ ਦੇ ਦਿੱਤੀਆਂ ਗਈਆਂ।

ਇਸ ਦੌਰਾਨ ਆਖਿਆ ਗਿਆ ਕਿ ਹੁਣ ਪੁਲਿਸ ਅਧਿਕਾਰੀ ਕਿਸੇ ਰਾਹਗੀਰ ਜਾਂ ਡਰਾਈਵਰ ਨੂੰ ਸਟੇਅ ਐਟ ਹੋਮ ਹੁਕਮਾਂ ਦੌਰਾਨ ਰੋਕ ਕੇ ਉਨ੍ਹਾਂ ਦੇ ਘਰ ਦਾ ਪਤਾ ਤੇ ਉਨ੍ਹਾਂ ਦੇ ਘਰ ਤੋਂ ਬਾਹਰ ਹੋਣ ਦਾ ਕਾਰਨ ਨਹੀਂ ਪੁੱਛਣਗੇ ਸਗੋਂ ਅਜਿਹੇ ਕਿਸੇ ਵੀ ਸ਼ਖਸ ਨੂੰ ਵੇਖ ਕੇ ਰੋਕਣ ਤੋਂ ਪਹਿਲਾਂ ਪੁਲਿਸ ਇਹੋ ਮੰਨ ਕੇ ਚੱਲੇਗੀ ਕਿ ਸਬੰਧਤ ਵਿਅਕਤੀ ਕਿਸੇ ਆਰਗੇਨਾਈਜ਼ਡ ਜਨਤਕ ਈਵੈਂਟ ਜਾਂ ਸੋਸ਼ਲ ਗੈਦਰਿੰਗ ਵਿੱਚ ਹਿੱਸਾ ਲੈਣ ਲਈ ਜਾ ਰਿਹਾ ਹੈ। ਇਸ ਤੋਂ ਇਲਾਵਾ ਅੱਜ ਤੋਂ ਸ਼ੁਰੂ ਕਰਕੇ ਸਰਕਾਰ ਵੱਲੋਂ ਵਿਆਹਾਂ, ਅੰਤਿਮ ਰਸਮਾਂ, ਧਾਰਮਿਕ ਸੇਵਾਵਾਂ, ਰਸਮਾਂ ਤੇ ਸਮਾਰੋਹਾਂ ਉੱਤੇ ਇੰਡੋਰ ਤੇ ਆਊਟਡੋਰ ਸਿਰਫ 10 ਵਿਅਕਤੀਆਂ ਨੂੰ ਢੁੱਕਣ ਦੀ ਸ਼ਰਤ ਨਿਰਧਾਰਤ ਕਰ ਦਿੱਤੀ ਹੈ। ਇਨ੍ਹਾਂ ਸੇਵਾਵਾਂ ਨਾਲ ਸਬੰਧਤ ਇੱਕਠ ਜਿਵੇਂ ਕਿ ਰਿਸੈਪਸ਼ਨਜ਼ ਆਦਿ, ਉੱਤੇ ਰੋਕ ਲਾ ਦਿੱਤੀ ਗਈ ਹੈ ਬਸ਼ਰਤੇ ਇਸ ਤਰ੍ਹਾਂ ਦੇ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਇੱਕੋ ਪਰਿਵਾਰ ਦੇ ਜੀਅ ਹੋਣ ਤੇ ਇੱਕ ਬਾਹਰੀ ਵਿਅਕਤੀ ਵੀ ਸ਼ਾਮਲ ਹੋ ਸਕਦਾ ਹੈ, ਸ਼ਰਤ ਇਹ ਹੈ ਕਿ ਉਹ ਇੱਕਲਾ ਰਹਿੰਦਾ ਹੋਵੇ। ਡਰਾਈਵ ਇਨ ਸਰਵਿਸ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Bovard/Torbram
Commercial/Retail 1863 ਸਕੇਅਰ ਫੁੱਟ ਫਿਜੀਓਥੈਰੇਪੀ ਕਲੀਨਿਕ, ਬਰੈਂਪਟਨ ਸਿਵਲ ਹਸਪਤਾਲ ਦੇ ਕੋਲ, ਵਿਕਰੇਤਾ ਨੇ 250K ਦੇ ਹਾਈਐਂਡ ਅਪਗ੍ਰੇਡ ਕੀਤੇ ਹੋਏ ਹਨ। 2 ਵਾਸ਼ਰੂਮ, 3 ਡਾਕਟਰ ਰੂਮ, 2 ਟਰੀਟਮੈਂਟ ਰੂਮ, ਬਿਜ਼ੀ ਪਲਾਜ਼ਾ, ਮੇਨ ਫਲੋਰ ਉਤੇ ਸਥਿਤ ਬਹੁਤ ਸਾਰੀ ਪਾਰਕਿੰਗ ਦੇ ਨਾਲ ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON



Sandalwood/Chinguacousy Park
72 Botavia Downs dr
$ 1525
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



34 Winterfold Dr
Rutherford/Kennedy/Will. Pkwy
$774,905
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਡਿਡ ਕਿਚਨ, ਅਪਗ੍ਰਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ
416-371-7777



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ




SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111



## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

## ਜੌਬਸ:

ਫਾਰਮ ਵਿਚ ਕੰਮ ਕਰਨ ਲਈ ਬਰੈਂਪਟਨ ਅਤੇ ਮਿਸੀਸਾਗਾ ਦੇ ਏਰੀਆ ਤੋਂ ਮਰਦਾਂ ਅਤੇ ਔਰਤਾਂ ਦੀ ਜਰੂਰਤ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ।

ਸੁਖਦੀਪ ਗਿੱਲ : 647-949-2904

ਪੰਜਾਬੀ ਪੋਸਟ CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

info@a1renovationgta.com

www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.

22 Listcreek Road, Brampton L6p 2n6

You can Place Your Business Here (905)793-2202

WWW.KULWINDERCHHINA.COM

KULWINDERCHHINA BROKER

647.293.2327

PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL : 416-822-2590

Ants, Wasp, Centepede, Fleas, Bed Bugs

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare

ANY Airline Time Destination Around the World

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

www.nuwaytravels.com

E-mail- info@nuwaytravels.com

Matrimonial ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਵੈੱਲ ਸੈਟਲਡ ਪੰਜਾਬੀ ਅਰੋੜਾ ਪਰਿਵਾਰ ਦਾ ਪੀ.ਆਰ. ਲੜਕਾ, ਉਮਰ 34 ਸਾਲ, ਕੱਦ 6 ਫੁੱਟ, ਐਮ ਕੌਮ, ਐੱਲ.ਐੱਲ.ਬੀ., ਜੋ ਕਿ ਕਦੇ ਸਿਗਰਟ ਨਹੀਂ ਪੀਂਦਾ, ਸ਼ਾਕਾਹਾਰੀ, ਜਿਸਦਾ ਕਿ ਵਿਆਹ ਦੇ ਥੋੜੇ ਸਮੇਂ ਬਾਅਦ ਹੀ ਕਾਨੂੰਨੀ ਤੌਰ ਉਤੇ ਤਲਾਕ ਹੋ ਚੁੱਕਾ ਹੈ। ਨੋ ਰਿਲੇਸ਼ਨਸ਼ਿਪ, ਲੜਕਾ ਲੀਡਿੰਗ ਕੈਨੇਡੀਅਨ ਬੈਂਕ ਵਿਚ ਅਫਸਰ ਦੇ ਤੌਰ ਉਤੇ ਕੰਮ ਕਰ ਰਿਹਾ ਹੈ, ਲਈ ਪੜ੍ਹੀ ਲਿਖੀ ਕੈਨੇਡਾ/ਅਮਰੀਕਾ ਵਿਚ ਰਹਿੰਦੇ ਪਰਿਵਾਰ ਦੀ ਜੰਮਪਲ ਪਰਿਵਾਰਕ ਲੜਕੀ ਜਾਂ ਨਿਊ ਇਮੀਗ੍ਰਾਂਟ, ਪੀ.ਆਰ., ਸਟੂਡੈਂਟ, ਵਰਕ ਪਰਮਿਟ ਉਤੇ ਕੰਮ ਕਰ ਰਹੀ ਲੜਕੀ ਦੀ ਲੋੜ ਹੈ। ਬਹੁਤ ਘੱਟ ਸਮੇਂ ਲਈ ਵਿਆਹੀ ਜਾਂ ਕੁਆਰੀ ਲੜਕੀ ਨੂੰ ਪਹਿਲ। ਬਾਇਓਡਾਟਾ, ਫੋਟੋ ਜਾਂ ਵਟਸਐਪ ਕਾਲ ਕਰਨ ਲਈ ਸੰਪਰਕ: +1 9734209701 ਜਾਂ ਈਮੇਲ- ssjuneja@gmail.com

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

905-793-2202

ਪੰਜਾਬੀ ਪੋਸਟ

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2'', 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

AVTAR UPPAL Manager

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

FREE Consultation

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092


WWW.STARLANEPAINTING.COM


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017



# ਤੁਹਾਡੀ ਵਾਰੀ ਛੇਤੀ ਹੀ ਆਉਣ ਵਾਲੀ ਹੈ।





## ਓਨਟਾਰੀਓ ਦੀ ਕੋਵਿਡ-19 ਵੈਕਸੀਨ ਪਲੈਨ ਵਾਇਰਸ ਦੇ ਫੈਲਣ ਨੂੰ ਰੋਕਣ ਅਤੇ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰ ਰਹੀ ਹੈ।

## ਸਾਰੇ ਓਨਟਾਰੀਓ ਵਿੱਚ ਹਰ ਰੋਜ਼ ਹਜ਼ਾਰਾਂ ਲੋਕਾਂ ਦੇ ਵੈਕਸੀਨ ਲਾਏ ਜਾ ਰਹੇ ਹਨ।

ਵੈਕਸੀਨ ਲੱਗਣੇ ਜਾਰੀ ਹਨ, ਇਸ ਦੇ ਨਾਲ ਹੀ ਸਾਨੂੰ ਮਾਸਕ ਪਾਉਣ, ਆਪਣੇ ਹੱਥ ਧੋਣ ਅਤੇ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਣ ਨੂੰ ਜਾਰੀ ਰੱਖਣ ਦੀ ਲੋੜ ਹੈ।

**ontario.ca/covidvaccineplan** 'ਤੇ ਹੋਰ ਜਾਣੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ 1-888-999-6488 'ਤੇ ਕਾਲ ਕਰੋ।

ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

**Ontario**

# ਮੈਨੂੰ ਕਿਵੇਂ ਪਤਾ ਲਗੇ ਕਿ COVID-19 ਵੈਕਸੀਨਜ਼ ਸੁਰੱਖਿਅਤ ਹਨ?

ਜਿਹੜੀਆਂ ਵੈਕਸੀਨਜ਼ ਸੁਰੱਖਿਅਤ, ਪ੍ਰਭਾਵੀ ਅਤੇ ਉਤਮ ਕੁਆਲਟੀ ਦੀਆਂ ਹਨ, ਉਹ ਹੀ ਹੈਲਥ ਕੈਨੇਡਾ ਵਲੋਂ ਅਧਿਕਾਰਤ ਕੀਤੀਆਂ ਜਾਂਦੀਆਂ ਹਨ। ਦੁਨੀਆਂ ਭਰ ਵਿਚ ਕੈਨੇਡਾ ਆਪਣੇ ਉੱਚੇ ਮਿਆਰਾਂ ਅਤੇ ਸਖਤ ਵੈਕਸੀਨ ਰਿਵਿਊ ਪ੍ਰੀਕਿਰਿਆ ਲਈ ਜਾਣਿਆ ਜਾਂਦਾ ਹੈ।

**COVID-19 ਵੈਕਸੀਨਜ਼ ਬਾਰੇ ਵਧੇਰੇ ਜਾਣਕਾਰੀ ਲਈ**
Canada.ca/covid-vaccine `ਤੇ ਜਾਓ।

1-833-784-4397



**COVID-19 ਵੈਕਸੀਨਜ਼ ਅਤੇ ਤੁਸੀਂ।**

Government of Canada / Gouvernement du Canada

Canada